ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

ਪਾਲਿਕਾ ਸਮਾਚਾਰ


ਨਵੀਂ ਦਿੱਲੀ

## ਪਾਲਿਕਾ ਸਮਾਚਾਰ

(ਦੋ ਮਾਸਿਕ)

ਸਾਲ 38 ਅੰਕ 03-04

ਮਾਰਚ-ਅਪ੍ਰੈਲ, 2015



ਸੰਪਾਦਕੀ ਮੰਡਲ

ਸਰਪ੍ਰਸਤ

ਜਲਜ ਸ੍ਰੀਵਾਸਤਵ

ਪ੍ਰਧਾਨ

ਮੁੱਖ ਸੰਪਾਦਕ

ਨਿਖਿਲ ਕੁਮਾਰ

ਉਪ ਮੁੱਖ ਸੰਪਾਦਕ

ਜਗਜੀਵਨ ਬਖਸ਼ੀ

ਪ੍ਰਕਾਸ਼ਕ ਸੰਪਾਦਕ

ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ

ਰਵਿੰਦਰ ਨੰਦਾ

ਸਹਾਇਕ ਸੰਪਾਦਕ

ਰੀਮਾ ਕਾਮਰਾ

ਸਹਿਯੋਗ

ਸੁਮਨ ਕੁਮਾਰ



ਮੁੱਲ

ਇਕ ਕਾਪੀ : ₹ 20/- ਰੁ:

ਸਾਲਾਨਾ : ₹ 100/- ਰੁ:

ਪੰਜ ਸਾਲਾਂ ਲਈ : ₹ 400/- ਰੁ:




# ਸੰਪਾਦਕੀ

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਇਕ ਸ਼ਤਾਬਦੀ ਦੇ ਇਤਿਹਾਸ ਵਿੱਚ ਅਧਿਕਾਰੀਆਂ/ਕਰਮਚਾਰੀਆਂ ਨੇ ਪਰੀਸ਼ਦ ਦੇ ਵਿਕਾਸ ਵਿੱਚ ਆਪਣਾ ਵਰਣਨਯੋਗ ਯੋਗਦਾਨ ਦਿੱਤਾ ਹੈ ਅਤੇ ਇਸ ਅਦਾਰੇ ਦੇ ਨਿਰਮਾਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਨਵੀਂ ਸ਼ਤਾਬਦੀ ਵਿੱਚ ਪਰੀਸ਼ਦ ਖੇਤਰ ਨੂੰ ਵਿਸ਼ਵ-ਪੱਧਰ ਦੀ ਇਕ ਸਮਾਰਟ-ਸਿਟੀ ਬਣਾਉਣਾ ਸਾਡੇ ਸਭ ਦਾ ਇਕ ਸਾਂਝਾ ਸੁਫ਼ਨਾ ਹੈ। ਇਹ ਸੁਫ਼ਨਾ ਤਦ ਹੀ ਪੂਰਾ ਹੋ ਸਕਦਾ ਹੈ, ਜਦ ਇਸ ਉੱਦਮ ਵਿੱਚ ਸਾਰੇ ਵਸਨੀਕਾਂ, ਉਦਯੋਗਪਤੀਆਂ ਅਤੇ ਸੈਲਾਨੀਆਂ ਨੂੰ ਕਾਰਜਸ਼ੀਲ ਰੂਪ ਨਾਲ ਭਾਗੀਦਾਰ ਬਣਾਇਆ ਜਾਵੇ। 'ਸਵੱਛ ਭਾਰਤ ਮੁਹਿੰਮ', 'ਪਾਰਕਿੰਗ ਆਟੋਮੇਸ਼ਨ' ਅਤੇ 'ਮੋਬਾਈਲ ਐਪ', 'ਫ੍ਰੀ ਵਾਈ-ਫ਼ਾਈ', ਸੋਲਰ-ਸਿਟੀ ਪ੍ਰੋਜੈਕਟ' ਅਤੇ '3 ਡੀ ਡਿਜੀਟਲ ਮੈਪਿੰਗ' - ਇਹ ਇਸ ਦਿਸ਼ਾ ਵਿੱਚ ਕੀਤੇ ਗਏ ਕੁਝ ਉੱਦਮ ਹਨ, ਜਿਨ੍ਹਾਂ ਨੂੰ ਸਖ਼ਤ ਮਿਹਨਤ ਨਾਲ ਪੂਰਾ ਕਰਕੇ ਬੇਹਤਰ ਨਗਰ ਪਾਲਿਕਾ ਇੰਤਜ਼ਾਮ ਦੀ ਮਿਸਾਲ ਕਾਇਮ ਕੀਤੀ ਜਾ ਸਕਦੀ ਹੈ। ਸਿਹਤ ਵਾਤਾਵਰਣ, ਆਧੁਨਿਕ ਸੰਚਾਰ ਅਤੇ ਯਾਤਾਯਾਤ ਮਾਧਿਅਮ ਅਤੇ ਬੇਹਤਰ ਜੀਵਨ-ਸ਼ੈਲੀ ਨਾਲ ਯੁਕਤ ਸਵੱਛ-ਸ਼ਹਿਰ ਵਿੱਚ ਹੀ ਸਮਾਰਟ-ਸਿਟੀ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਪਰੀਸ਼ਦ ਨੇ ਉਪੇਖਿਅਤ ਮਹਿਲਾਵਾਂ ਦੇ ਲਈ ਊਰਜਾ ਪਰਿਯੋਜਨਾ ਦੀ ਸ਼ੁਰੂਆਤ ਕਰਕੇ ਉਨ੍ਹਾਂ ਦੇ ਜੀਵਨ ਵਿੱਚ ਇਕ ਨਵੀਂ ਸਵੇਰ ਲਿਆਉਣ ਦਾ ਉੱਦਮ ਕੀਤਾ ਹੈ। ਪਰੀਸ਼ਦ ਨੇ ਜ਼ਰੂਰਤਮੰਦ ਅਤੇ ਬੁੱਧੀਮਾਨ ਵਿਦਿਆਰਥਣਾਂ ਦੇ ਲਈ ਹੋਸਟਲ ਬਣਾਇਆ ਹੈ। ਮਹਿਲਾ ਯਾਤਰੀਆਂ ਦੇ ਲਈ ਪਰੀਸ਼ਦ ਕੈਬ ਸੇਵਾ ਵੀ ਚਲਾਏਗੀ। ਇਸ ਦੇ ਅੰਤਰਗਤ ਔਰਤਾਂ ਨੂੰ ਸੱਨਅਤੀ ਡਰਾਇਵਰਾਂ ਦੇ ਰੂਪ ਵਿੱਚ ਟਰੇਂਡ ਕੀਤਾ ਜਾ ਰਿਹਾ ਹੈ।

ਕਿਸੇ ਵੀ ਦੇਸ਼ ਅਤੇ ਸਮਾਜ ਦੀ ਤਰੱਕੀ ਦੇ ਲਈ ਉਸ ਦੇਸ਼ ਦੇ ਵਸਨੀਕਾਂ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਸਿਹਤਮੰਦ ਵਸਨੀਕ ਹੀ ਦੇਸ਼ ਨੂੰ ਅਮੀਰ ਅਤੇ ਵਿਕਸਿਤ ਬਣਾਉਂਦੇ ਹਨ। ਇਸ ਦਿਸ਼ਾ ਵਿੱਚ ਪਰੀਸ਼ਦ ਆਪਣੇ ਖੇਤਰ ਦੇ ਵਸਨੀਕਾਂ ਨੂੰ ਹੋਰ ਸੁਵਿਧਾਵਾਂ ਦੇਣ ਦੇ ਇਲਾਵਾ ਸਿਹਤ ਦੇ ਪ੍ਰਤੀ ਵੀ ਸੁਚੇਤ ਕਰ ਰਹੀ ਹੈ। ਰਾਹਗੀਰੀ, ਆਊਟਡੋਰ ਜਿਮ ਦੀ ਸਥਾਪਨਾ, ਫੁਟਬਾਲ ਅਕਾਦਮੀ ਆਦਿ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ।

ਪਿਛਲੇ ਵਰ੍ਹੇ ਪਰੀਸ਼ਦ ਕਰਮਚਾਰੀਆਂ ਦੇ ਲਈ ਅਨੇਕ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 'ਕੌਸ਼ਲ ਵਿਕਾਸ ਸਿਖਲਾਈ ਕੇਂਦਰ' ਅਤੇ ਮੁੰਡਿਆਂ ਦੇ ਲਈ ਤਕਨੀਕੀ ਸੰਸਥਾਨ ਦੀ ਸਥਾਪਨਾ ਪ੍ਰਮੁੱਖ ਹੈ। ਭਵਿੱਖ ਵਿੱਚ ਵੀ ਪਰੀਸ਼ਦ ਅਧਿਕਾਰੀ ਅਤੇ ਕਰਮਚਾਰੀਗਣ ਪੂਰੇ ਸਮਰਪਣ ਅਤੇ ਨਿਸ਼ਠਾ ਨਾਲ ਇਸ ਸੰਗਠਨ ਦੇ ਵਿਕਾਸ ਲਈ ਉੱਦਮਸ਼ੀਲ ਰਹਿਣਗੇ।

ਮੁੱਖ ਸੰਪਾਦਕ

## ਇਸ ਅੰਕ ਵਿੱਚ


| | | |
|---|---|---|
| ਪਰੀਸ਼ਦ ਗਤੀਵਿਧੀਆਂ | 3-9 | — |
| ਬਜਟ ਸਮਾਚਾਰ | 10-11 | — |
| ਵੱਡਾ ਸਾਹਿਤਕਾਰ ਕਰਤਾਰ ਸਿੰਘ ਦੁੱਗਲ (ਲੇਖ) | 12 | ਗੁਰਬਚਨ ਸਿੰਘ ਭੁੱਲਰ |
| ਜਗਤ ਮਾਤਾ (ਕਹਾਣੀ) | 15 | ਮਨਮੋਹਨ ਕੌਰ |
| ਮੁੰਡੇ ਕੁੜੀਆਂ ਇਕ ਸਮਾਨ (ਬਾਲ ਕਵਿਤਾ) | 18 | ਡਾ. ਦੇਵਿੰਦਰ ਬੀਬੀਪੁਰੀਆਂ |
| ਭਗਵਾਨ ਸਿੰਘ 'ਦੀਪਕ' ਦੀ ਧਾਰਮਿਕ ਸ਼ਾਇਰੀ (ਲੇਖ) | 19 | ਡਾ. ਪ੍ਰਿਥਵੀ ਰਾਜ ਥਾਪਰ |
| ਦੋ ਗ਼ਜ਼ਲਾਂ | 21 | ਮਲਕੀਅਤ 'ਸੁਹਲ' |
| ਰੰਗਾਂ ਦਾ ਕ੍ਰਿਸ਼ਮਾ (ਬਾਲ ਕਥਾ) | 22 | ਮੁਖ਼ਤਾਰ ਗਿੱਲ |
| ਪੰਜਾਬੀ ਬੱਚਿਆਂ ਦੇ ਮੌਖਿਕ ਗੀਤ (ਲੇਖ) | 23 | ਡਾ. ਦਰਸ਼ਨ ਸਿੰਘ 'ਆਸ਼ਟ' |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ,
ਪਾਲਿਕਾ ਕੇਂਦਰ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈੱਬਸਾਈਟ : www.ndmc.gov.in

**ਪਾਲਿਕਾ ਪਰੀਸ਼ਦ ਵੱਲੋਂ ਘਰ-ਘਰ ਤੋਂ ਕੂੜਾ ਇਕੱਠਾ ਕਰਨ ਤੇ ਕਾਰਜਸ਼ਾਲਾ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ 21 ਫ਼ਰਵਰੀ, 2015 ਨੂੰ ਪਾਲਿਕਾ ਪਰੀਸ਼ਦ ਖੇਤਰ ਵਿੱਚ ਘਰ-ਘਰ ਤੋਂ ਕੂੜਾ ਇਕੱਠਾ ਕਰਨ ਦੀ ਯੋਜਨਾ ਨੂੰ ਲਾਗੂ ਕਰਨ ਤੇ ਇਕ ਕਾਰਜਸ਼ਾਲਾ ਦਾ ਆਯੋਜਨ ਕੀਤਾ। ਇਹ ਯੋਜਨਾ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਦੀਆਂ ਸਾਰੀਆਂ ਰਿਹਾਇਸ਼ੀ ਕਾਲੋਨੀਆਂ, ਮਾਰਕੀਟਾਂ, ਵਪਾਰਕ ਪਰਿਸਰਾਂ, ਪਿਕਨਿਕ ਸਥਲਾਂ, ਵੱਡੇ ਸੰਸਥਾਨਾਂ, ਆਫ਼ਿਸਾਂ, ਪਾਰਕਾਂ ਆਦਿ ਵਿੱਚ ਲਾਗੂ ਕੀਤੀ ਜਾ ਰਹੀ ਹੈ।

ਇਸ ਕਾਰਜਸ਼ਾਲਾ ਵਿੱਚ 200 ਤੋਂ ਜ਼ਿਆਦਾ ਪ੍ਰਤਿ-ਨਿਧੀਆਂ ਨੇ ਹਿੱਸਾ ਲਿਆ। ਇਹ ਪ੍ਰਤਿਨਿਧੀ ਗ਼ੈਰ-ਸਰਕਾਰੀ ਸੰਗਠਨਾਂ, ਚਿੰਤਨ-ਵਾਤਾਵਰਣ ਅਤੇ ਅਨੁਸੰਧਾਨ ਗਰੁੱਪ, ਟਾਟਾ ਊਰਜਾ ਅਨੁਸੰਧਾਨ ਸੰਸਥਾਨ, ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ ਐਸੋਸੀਏਸ਼ਨਾਂ ਤੋਂ ਆਏ ਸਨ। ਇਸ ਮੌਕੇ ’ਤੇ ਆਏ ਹੋਏ ਸਾਰੇ ਸੰਸਥਾਵਾਂ ਦੇ ਪ੍ਰਤਿਨਿਧੀਆਂ ਨੇ ਆਪਣੇ ਵਿਚਾਰਾਂ ਦਾ ਆਂਦਰਾ-ਵਟਾਂਦਰਾ ਕੀਤਾ। ਇਸ ਮੌਕੇ ਤੇ ਮਾਹਿਰਾਂ ਨੇ ਕਾਰਜਸ਼ਾਲਾ ਨੂੰ ਸੰਬੋਧਿਤ ਵੀ ਕੀਤਾ।

ਇਸ ਕਾਰਜਸ਼ਾਲਾ ਦੇ ਮੌਕੇ ਤੇ ਇਕ ਨੁੱਕੜ ਨਾਟਕ ਦਾ ਵੀ ਆਯੋਜਨ ਕੀਤਾ ਗਿਆ, ਇਸ ਵਿੱਚ ਘਰ-ਘਰ ਤੋਂ ਕੂੜਾ ਇਕੱਠਾ ਕਰਨ ਅਤੇ ਉਸ ਦੇ ਨਿਪਟਾਣ-ਵਰਤੋਂ ਅਤੇ ਤਰੀਕਿਆਂ ਨੂੰ ਦਰਸਾਇਆ ਗਿਆ ਸੀ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਵਿੱਚ ਘਰੇਲੂ ਕੂੜਾ ਸੌ ਫ਼ੀਸਦੀ ਘਰ-ਘਰ ਤੋਂ ਹੀ ਇਕੱਠਾ ਕੀਤਾ ਜਾਵੇਗਾ ਅਤੇ ਇਸ ਨੂੰ ਅਲੱਗ-ਅਲੱਗ ਕਰਕੇ ਰੀ-ਸਾਇਕਲ ਵੀ ਕੀਤਾ ਜਾਵੇਗਾ। ਇਸ ਗੱਲ ਤੇ ਵੀ ਜ਼ੋਰ ਦਿੱਤਾ ਜਾਵੇਗਾ ਕਿ ਵਿਗਿਆਨਕ ਢੰਗ ਨਾਲ ਇਕੱਠਾ ਅਤੇ ਉਸ ਦਾ ਵਾਜਬ ਪ੍ਰਬੰਧ ਕਰਨ ਨਾਲ ਕੂੜੇ ਨੂੰ ਇਕ ਸੰਸਾਧਨ ਦੇ ਰੂਪ ਵਿੱਚ ਫੇਰ ਤੋਂ ਵਰਤੋਂ ਵਿੱਚ ਲਿਆਇਆ ਜਾ ਸਕੇ।

—o—

**ਪਾਲਿਕਾ ਪਰੀਸ਼ਦ ਕਰਮਚਾਰੀਆਂ ਨੂੰ ਹੋਲੀ ਦੇ ਮੌਕੇ ਤੇ ਐੱਲ.ਈ.ਡੀ. ਬਲਬਾਂ ਦੀ ਵੰਡ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ ‘ਪ੍ਰਕਾਸ਼ ਪਥ ਪ੍ਰੋਗਰਾਮ’ ਨੂੰ ਲਾਗੂ ਕਰਨ ਦੇ ਮਕਸਦ ਨਾਲ ਆਪਣੇ ਸਾਰੇ ਕਰਮਚਾਰੀਆਂ ਨੂੰ ਹੋਲੀ ਦੇ ਪਵਿੱਤਰ ਉਤਸਵ ’ਤੇ ਤਿੰਨ-ਤਿੰਨ ਐੱਲ.ਈ.ਡੀ. ਬਲਬ ਦੇ ਰਹੀ ਹੈ। ਇਸ ਤੋਂ ਪਹਿਲੇ ਕਰਮਚਾਰੀਆਂ ਨੂੰ ਹੋਲੀ ’ਤੇ ਮਿਠਾਈ ਵੰਡੀ ਜਾਂਦੀ ਸੀ, ਉਸ ਦੇ ਬਦਲੇ ਹੁਣ ਤੋਂ ਐੱਲ.ਈ.ਡੀ. ਬਲਬ ਦੇਣ ਨਾਲ ਨਾ ਕੇਵਲ ਕਰਮਚਾਰੀਆਂ ਦੇ ਜੀਵਨ ਵਿੱਚ ਚਮਕ ਅਤੇ ਖ਼ੁਸ਼ੀ ਆਵੇਗੀ ਬਲਕਿ ਇਸ ਨਾਲ ਉਨ੍ਹਾਂ ਦੇ ਘਰੇਲੂ ਬਿਜਲੀ ਦੇ ਬਿਲਾਂ ਵਿੱਚ ਵੀ ਬੱਚਤ ਹੋਵੇਗੀ। ਲਗਭਗ 20 ਹਜ਼ਾਰ ਐੱਲ.ਈ.ਡੀ. ਬਲਬਾਂ ਦੀ ਵੰਡ ਕੀਤੀ ਜਾ ਰਹੀ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਿੱਲੀ ਵਿੱਚ ਅਜਿਹਾ ਪਹਿਲਾ ਬਿਜਲੀ ਵੰਡ ਅਦਾਰਾ ਹੋ ਗਿਆ ਹੈ ਜੋ ‘ਪ੍ਰਕਾਸ਼ ਪਥ ਪ੍ਰੋਗਰਾਮ’ ਨੂੰ ਸਭ ਤੋਂ ਪਹਿਲੇ ਆਪਣੇ ਖੇਤਰ ਵਿੱਚ ਲਾਗੂ ਕਰ ਰਿਹਾ ਹੈ।

ਇਸ ਤੋਂ ਪਹਿਲੇ ਜਨਵਰੀ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ‘ਪ੍ਰਕਾਸ਼ ਪਥ ਪ੍ਰੋਗਰਾਮ’ ਨੂੰ ਆਪਣੇ ਖੇਤਰ ਵਿੱਚ ਲਾਗੂ ਕਰਨ ਦੇ ਲਈ ‘ਪਾਲਿਕਾ ਨਵਜੋਤੀ ਮਿਸ਼ਨ’ ਦਾ ਐਲਾਨ ਕੀਤਾ। ਹੋਲੀ ਦੇ ਮੌਕੇ ਤੇ ਐੱਲ.ਈ.ਡੀ. ਬਲਬਾਂ ਦੀ ਵੰਡ ਇਸ ਮਿਸ਼ਨ ਦੇ ਅੰਤਰਗਤ ਕੀਤੀ ਜਾ ਰਹੀ ਹੈ।

ਇਸ ਪ੍ਰੋਗਰਾਮ ਨੂੰ ਅੱਗੇ ਵਧਾਉਂਦੇ ਹੋਏ ਪਾਲਿਕਾ ਪਰੀਸ਼ਦ ਖੇਤਰ ਵਿੱਚ ਸੜਕਾਂ ਤੇ ਲੱਗੀਆਂ ਪਰੰਪਰਾਗਤ ਲਾਇਟਾਂ ਨੂੰ ਵੀ ਐੱਲ.ਈ.ਡੀ. ਬਲਬਾਂ ਦੁਆਰਾ ਬਦਲਿਆ ਜਾਵੇਗਾ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਜਲਦੀ ਹੀ ਆਪਣੇ ਸਾਰੇ ਘਰੇਲੂ ਬਿਜਲੀ ਉਪਭੋਗਤਾਵਾਂ ਨੂੰ ਇਕ ਯੋਜਨਾ ਦੇ ਤਹਿਤ ਐੱਲ.ਈ.ਡੀ. ਬਲਬ ਵੰਡਣ ਦੀ ਪ੍ਰਕ੍ਰਿਆ ਤੇ ਵੀ ਕੰਮ ਕਰ ਰਹੀ ਹੈ। ਜਿਸ ਦੇ ਅੰਤਰਗਤ ਐੱਲ.ਈ.ਡੀ. ਬਲਬ ਸਾਰੇ ਰਜਿਸਟਰਡ ਘਰੇਲੂ ਉਪਭੋਗਤਾਵਾਂ ਨੂੰ 104 ਰੁਪਏ ਪ੍ਰਤਿ ਦੀ ਦਰ ਨਾਲ ਦਿੱਤੇ ਜਾਣਗੇ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਇਸ ਯੋਜਨਾ ਦੇ ਹਜ਼ਾਰਾਂ ਘਰਾਂ ਤੱਕ ਪਹੁੰਚਣ ਨਾਲ ਇਹ ਆਸ ਕਰਦੀ ਹੈ ਕਿ ਇਸ ਦੇ ਨਤੀਜੇ ਵਜੋਂ ਊਰਜਾ ਦੀ ਇਕ ਬਹੁਤ ਵੱਡੀ ਮਾਤਰਾ ਵਿੱਚ ਬੱਚਤ ਹੋਵੇਗੀ।

—o—






**ਨਵਯੁਗ ਸਕੂਲਾਂ ਨੇ ਸਥਾਪਨਾ ਦਿਵਸ ਮਨਾਇਆ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ 25 ਫ਼ਰਵਰੀ, 2015 ਨੂੰ ਨਵਯੁਗ ਸਕੂਲਾਂ ਦਾ 42ਵਾਂ ਸਥਾਪਨਾ ਦਿਵਸ ਪਾਲਿਕਾ ਪਰੀਸ਼ਦ ਦੇ ਕਨਵੈਨਸ਼ਨ ਸੈਂਟਰ ਵਿੱਚ ਮਨਾਇਆ।

ਇਸ ਮੌਕੇ 'ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ਨਵਯੁਗ ਸਕੂਲਾਂ ਦੇ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਲਈ ਇਕ ਵੇਬ-ਸਾਇਟ - 'ਨਵਯੁਗ ਸਕੂਲ-ਯਾਦੇਂ" ਦੀ ਸ਼ੁਰੂਆਤ ਕੀਤੀ। ਸ੍ਰੀ ਜਲਜ ਸ੍ਰੀਵਾਸਤਵ ਨੇ ਨਵਯੁਗ ਸਕੂਲਾਂ ਦੇ ਪੁਰਾਣੇ ਗੀਤਾਂ ਦੀ ਵੀ ਇਕ ਸੀ.ਡੀ. 'ਨਵਯੁਗ ਕੇ ਤਰਾਨੇ' ਨਾਂ ਨਾਲ ਜਾਰੀ ਕੀਤੀ।

ਇਸ ਪ੍ਰੋਗਰਾਮ ਵਿੱਚ ਨਵਯੁਗ ਸਕੂਲ ਦੇ ਅਨੇਕ ਪੁਰਾਣੇ ਮੈਂਬਰਾਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ ਅਤੇ ਆਪਣੀਆਂ-ਆਪਣੀਆਂ ਪੁਰਾਣੀਆਂ ਯਾਦਾਂ ਦਾ ਵੀ ਆਂਦਰਾ-ਵਟਾਂਦਰਾ ਕੀਤਾ। ਇਸ ਮੌਕੇ 'ਤੇ 'ਕੱਲ੍ਹ ਦੇ ਵਸਨੀਕਾਂ ਦੇ ਲਈ ਸਕੂਲ ਜੀਵਨ ਦੀ ਪੁਨਰ-ਵਿਆਖਿਆ' ਵਿਸ਼ੇ ਤੇ ਇਕ ਵਿਚਾਰ ਗੋਸ਼ਠੀ ਦਾ ਵੀ ਆਯੋਜਨ ਕੀਤਾ ਗਿਆ, ਇਸ ਵਿੱਚ ਕਈ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਤੇ ਨਵਯੁਗ ਸਕੂਲਾਂ ਦੇ ਵਿਦਿਆਰਥੀਆਂ ਨੇ ਕਈ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ।

—o—

**ਮੁੱਖ ਲੇਖਾ ਪ੍ਰੀਖਿਆ ਆਫ਼ਿਸ ਵੱਲੋਂ 'ਕਾਰਜ ਲੇਖਾ ਪ੍ਰੀਖਿਆ' ਤੇ ਸੈਮੀਨਾਰ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੁੱਖ ਲੇਖਾ ਪ੍ਰੀਖਿਆ ਆਫ਼ਿਸ ਵੱਲੋਂ 26 ਅਤੇ 27 ਫ਼ਰਵਰੀ, 2015 ਨੂੰ ਇਕ ਦੋ ਰੋਜ਼ਾ ਸੈਮੀਨਾਰ- 'ਕਾਰਜ ਲੇਖਾ ਪ੍ਰੀਖਿਆ' ਵਿਸ਼ੇ ਤੇ ਐੱਨ.ਡੀ.ਐੱਮ.ਸੀ. ਫੇਜ਼-II ਭਵਨ ਵਿੱਚ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਮੁੱਖ ਲੇਖਾ ਪ੍ਰੀਖਿਅਕ ਸ੍ਰੀਮਤੀ ਵਰਸ਼ਾ ਤਿਵਾਰੀ ਨੇ ਕੀਤੀ। ਸੈਮੀਨਾਰ ਦਾ ਮੁੱਖ ਲਕਸ਼ ਲੇਖਾ-ਪ੍ਰੀਖਿਆ ਦੀ ਗੁਣਵੱਤਾ ਨੂੰ ਵਧਾਉਣਾ ਸੀ।

ਇਸ ਸੈਮੀਨਾਰ ਵਿੱਚ ਸ੍ਰੀ ਜੇ.ਜੇ. ਆਰੀਆ, ਉਪ-ਮੁੱਖ ਲੇਖਾ ਪ੍ਰੀਖਿਅਕ, ਸ੍ਰੀ ਐੱਸ.ਸੀ. ਬਿਸ਼ਟ, ਉਪ-ਵਿੱਤ ਸਲਾਹਕਾਰ, ਸ੍ਰੀ ਚੰਦਰ ਸ਼ੇਖਰ, ਉਪ-ਵਿੱਤ ਸਲਾਹਕਾਰ, ਸ੍ਰੀ ਐੱਨ.ਕੇ. ਤੰਵਰ, ਅਧੀ. ਅਭਿਯੰਤਾ, ਸ੍ਰੀ ਨਰੇਸ਼ ਵਰਮਾ, ਅਧਿ. ਅਭਿਯੰਤਾ, ਸ੍ਰੀ ਐੱਚ.ਸੀ. ਸ਼ਰਮਾ, ਅਧਿ. ਅਭਿਯੰਤਾ ਸ੍ਰੀ ਸੰਜੈ ਸਿੰਗਲ, ਐੱਸ.ਡੀ.ਵੀ.I, ਸ੍ਰੀ ਐੱਸ. ਕੇ. ਮੁੰਜਾਲ, ਸੀਨੀਅਰ ਲੇਖਾ ਪ੍ਰੀਖਿਆ ਅਧਿਕਾਰੀ ਅਤੇ ਸ੍ਰੀ ਹਰੀਸ਼ ਕੁਮਾਰ ਲੇਖਾ ਅਧਿਕਾਰੀ ਨੇ ਵਿਭਿੰਨ ਵਿਸ਼ਿਆਂ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਸਾਰੇ ਪ੍ਰਸ਼ਿਕਸ਼ਾਰਥੀਆਂ ਨੇ ਸੈਮੀਨਾਰ ਦੀ ਵਡਿਆਈ ਕਰਦੇ ਹੋਏ ਇਸ ਤਰ੍ਹਾਂ ਦੇ ਉੱਦਮ ਨੂੰ ਜਾਰੀ ਰੱਖਣ ਦਾ ਅਨੁਰੋਧ ਕੀਤਾ।

—o—

# ਪਰੀਸ਼ਦ ਗਤੀਵਿਧੀਆਂ





**ਪਾਲਿਕਾ ਪਰੀਸ਼ਦ ਦੀਆਂ ਸਲਾਨਾ ਖੇਡ ਪ੍ਰਤਿਯੋਗਤਾਵਾਂ ਦੀ ਸਮਾਪਤੀ ਅਤੇ ਇਨਾਮ-ਵੰਡ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ 27 ਫ਼ਰਵਰੀ, 2015 ਨੂੰ ਪਾਲਿਕਾ ਪਰੀਸ਼ਦ ਦੀਆਂ ਸਲਾਨਾ ਖੇਡ ਪ੍ਰਤਿਯੋਗਤਾਵਾਂ ਦੇ ਇਨਾਮਾਂ ਦੀ ਵੰਡ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਨਵੈਨਸ਼ਨ ਸੈਂਟਰ ਵਿੱਚ ਕੀਤੀ।

ਇਸ ਪ੍ਰਤਿਯੋਗਤਾ ਵਿੱਚ ਕੁਲ 882 ਖਿਡਾਰੀਆਂ ਨੇ ਵਿਭਿੰਨ ਪ੍ਰਤਿਯੋਗਤਾਵਾਂ ਜਿਵੇਂ ਕ੍ਰਿਕੇਟ, ਹਾਕੀ, ਫੁਟਬਾਲ, ਵਾਲੀਬਾਲ, ਕਬੱਡੀ, ਟੇਬਲ ਟੇਨਿਸ ਅਤੇ ਬੈਡਮਿੰਟਨ ਵਿੱਚ ਹਿੱਸਾ ਲਿਆ ਅਤੇ ਇਨ੍ਹਾਂ ਖਿਡਾਰੀਆਂ ਨੂੰ ਨਕਦ ਇਨਾਮ ਨਾਲ ਸਨਮਾਨਤ ਕੀਤਾ ਗਿਆ।

ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਬੀ.ਐੱਸ. ਭਾਟੀ, ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀਗਣ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਰਮਚਾਰੀ ਵੀ ਮੌਜੂਦ ਸਨ।

—o—

**ਝੁੱਗੀ-ਝੌਂਪੜੀ ਵਿੱਚ ਰਹਿਣ ਵਾਲਿਆਂ ਦੇ ਲਈ ਵਿਸ਼ੇਸ਼ ਸਿਹਤ ਜਾਂਚ ਕੈਂਪ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੁਆਰਾ 21 ਮਾਰਚ, 2015 ਨੂੰ ਸੰਜੈ ਕੈਂਪ, ਚਾਣਕਯਪੁਰੀ, ਸਥਿਤ ਝੁੱਗੀ-ਝੌਂਪੜੀ ਬਸਤੀ ਵਿੱਚ ਇਕ ਵਿਸ਼ੇਸ਼ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਜਾਂਚ ਕੈਂਪ ਵਿੱਚ ਲਗਭਗ 500 ਤੋਂ ਜ਼ਿਆਦਾ ਝੁੱਗੀ-ਝੌਂਪੜੀ ਬਸਤੀ ਦੇ ਵਸਨੀਕਾਂ ਨੇ ਆਪਣੀ ਜਾਂਚ ਕਰਵਾ ਕੇ ਇਸ ਕੈਂਪ ਦਾ ਫ਼ਾਇਦਾ ਉਠਾਇਆ।

ਇਸ ਸਿਹਤ ਜਾਂਚ ਕੈਂਪ ਦਾ ਉਦਘਾਟਨ ਦਿੱਲੀ ਕੈਂਟ ਦੇ ਐੱਮ.ਐੱਲ.ਏ. ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਸੁਰੇਂਦਰ ਸਿੰਘ ਨੇ ਕੀਤਾ। ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਅਬਦੁਲ ਰਸ਼ੀਦ ਅੰਸਾਰੀ ਅਤੇ ਪਾਲਿਕਾ ਪਰੀਸ਼ਦ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਿਹਤ ਸੇਵਾ ਵਿਭਾਗ ਤੋਂ ਵਿਭਿੰਨ ਵਿਸ਼ੇਸ਼ਤਾ ਪ੍ਰਾਪਤ ਮਾਹਿਰ 15 ਡਾਕਟਰਾਂ ਦੀ ਇਕ ਟੀਮ ਅਤੇ ਪਰਾ-ਮੈਡੀਕਲ ਸਟਾਫ਼ ਨੂੰ ਕੈਂਪ ਵਿੱਚ ਤੈਨਾਤ ਕੀਤਾ ਗਿਆ ਸੀ। ਇਨ੍ਹਾਂ ਤੋਂ ਇਲਾਵਾ ਡਾ. ਰਾਮ ਮਨੋਹਰ ਲੋਹੀਆ ਹਸਪਤਾਲ ਨਰਸਿੰਗ ਕਾਲਜ ਦੀਆਂ ਟਰੇਨੀ ਨਰਸਾਂ ਨੇ ਵੀ ਇਸ ਸਿਹਤ ਕੈਂਪ ਵਿੱਚ ਭਾਗ ਲੈ ਕੇ ਆਪਣੀਆਂ ਸਹਾਇਕ ਸੇਵਾਵਾਂ ਪ੍ਰਦਾਨ ਕੀਤੀਆਂ। ਇਸ ਤੋਂ ਪਹਿਲੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਅਜਿਹੇ ਅੱਠ ਸਿਹਤ ਜਾਂਚ ਕੈਂਪਾਂ ਦਾ ਆਯੋਜਨ ਆਪਣੇ ਖੇਤਰ ਦੀ ਝੁੱਗੀ- ਝੌਂਪੜੀ ਬਸਤੀਆਂ ਵਿੱਚ ਕਰ ਚੁੱਕੀ ਹੈ।

—o—

# ਪਰੀਸ਼ਦ ਗਤੀਵਿਧੀਆਂ







**ਪੁਸ਼ਪ ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਕੱਤਰ, ਸ਼੍ਰੀ ਨਿਖਿਲ ਕੁਮਾਰ ਨੇ 8 ਮਾਰਚ, 2015 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਨਹਿਰੂ ਪਾਰਕ, ਚਾਣਕਯਪੁਰੀ ਵਿੱਚ ਆਯੋਜਿਤ ਚੌਥੀ ਅੰਤਰ-ਵਿਭਾਗੀ ਪੁਸ਼ਪ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦਾ ਉਦਘਾਟਨ ਕੀਤਾ। ਇਸ ਸਾਲ ਇਸ ਪ੍ਰਦਰਸ਼ਨੀ ਦਾ ਵਿਸ਼ੇ 'ਗ਼ੈਰ-ਰਸਮੀ ਬਾਗ਼ ਭੂ-ਦ੍ਰਿਸ਼ਾਵਲੀ' ਰੱਖਿਆ ਗਿਆ ਹੈ।

ਪਾਲਿਕਾ ਪਰੀਸ਼ਦ ਦੇ ਬਾਗ਼ਬਾਨੀ ਵਿਭਾਗ ਵੱਲੋਂ ਪੁਸ਼ਪ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦਾ ਚੌਥੀ ਵਾਰੀ ਆਯੋਜਨ ਕੀਤਾ ਗਿਆ ਹੈ। ਇਸ ਪ੍ਰਤਿਯੋਗਤਾ ਨੂੰ 19 ਵਿਭਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਸਾਰੀਆਂ ਸ਼੍ਰੇਣੀਆਂ ਦੀਆਂ ਪ੍ਰਤਿਯੋਗਤਾਵਾਂ ਵਿੱਚ ਇਕ ਟਰਾਫ਼ੀ ਅਤੇ ਹਰੇਕ ਦਾਖ਼ਲੇ ਦੇ ਲਈ ਕੱਪ ਦਾ ਵੀ ਪ੍ਰਸਤਾਵ ਕੀਤਾ ਗਿਆ ਸੀ।

**ਇਨਾਮ ਵੰਡ ਸਮਾਰੋਹ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ਼੍ਰੀ ਜਲਜ ਸ਼੍ਰੀਵਾਸਤਵ ਨੇ ਪਾਲਿਕਾ ਪਰੀਸ਼ਦ ਦੇ ਨਹਿਰੂ ਪਾਰਕ, ਚਾਣਕਯਪੁਰੀ, ਨਵੀਂ ਦਿੱਲੀ ਵਿੱਚ ਹੋਈ ਦੋ ਰੋਜ਼ਾ ਚੌਥੀ ਅੰਤਰ-ਵਿਭਾਗੀ ਪੁਸ਼ਪ ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦੇ ਜੇਤੂਆਂ ਨੂੰ 30 ਟਰਾਫ਼ੀ ਅਤੇ 52 ਕੱਪ ਦੇ ਕੇ 10 ਮਾਰਚ, 2015 ਨੂੰ ਪੁਰਸਕ੍ਰਿਤ ਕੀਤਾ।

ਇਸ ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਵਿੱਚ ਪਾਲਿਕਾ ਪਰੀਸ਼ਦ-ਬਾਗ਼ਬਾਨੀ ਵਿਭਾਗ ਦੇ 6 ਡਿਵੀਜ਼ਨਾਂ, ਦੱਖਣੀ ਦਿੱਲੀ ਨਗਰ ਨਿਗਮ, ਉੱਤਰੀ ਰੇਲਵੇ, ਸਾਊਥ-ਈਸਟ ਡੀ.ਡੀ.ਏ., ਨਾਰਥ-ਵੈੱਸਟ ਡੀ.ਡੀ.ਏ. ਨੇ ਵੀ ਭਾਗ ਲਿਆ।

—o—

# ਪਰੀਸ਼ਦ ਗਤੀਵਿਧੀਆਂ






**ਦੁਰਗਮ ਯਾਤਰਾ ਪ੍ਰੋਗਰਾਮ (Trekking Tour Programmes) :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਲਿਆਣ ਵਿਭਾਗ ਵੱਲੋਂ ਦੁਰਗਮ ਯਾਤਰਾ ਪ੍ਰੋਗਰਾਮ ਦਾ ਆਯੋਜਨ ਮਿਤੀ 13.12.2014 ਤੋਂ 18.12.2014 ਤੱਕ ਕੀਤਾ ਗਿਆ ਜਿਸ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਵਿਭਿੰਨ ਵਿਭਾਗਾਂ ਦੇ 40 ਕਰਮਚਾਰੀਆਂ/ਅਧਿਕਾਰੀਆਂ ਨੇ ਹਿੱਸਾ ਲਿਆ। ਦੁਰਗਮ ਯਾਤਰਾ (Trekking Tour Programmes) ਦੇ ਅੰਤਰਗਤ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ 40 ਕਰਮਚਾਰੀਆਂ/ਅਧਿਕਾਰੀਆਂ ਨੇ ਪੁਸ਼ਕਰ, ਅਜਮੇਰ, ਮਾਊਂਟ ਆਬੂ, ਉਦੈਪੁਰ, ਜੈਪੁਰ ਆਦਿ ਵਿਭਿੰਨ ਥਾਂਵਾਂ ਦੇ ਇਤਿਹਾਸਕ ਸਮਾਰਕਾਂ ਦੀ ਯਾਤਰਾ ਕੀਤੀ। ਦੁਰਗਮ ਯਾਤਰਾ ਪ੍ਰੋਗਰਾਮ ਦੇ ਅੰਤਰਗਤ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਰਮਚਾਰੀਆਂ/ਅਧਿਕਾਰੀਆਂ ਨੇ ਇਸ ਯਾਤਰਾ ਦਾ ਭਰਪੂਰ ਆਨੰਦ ਲਿਆ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਕਲਿਆਣ ਵਿਭਾਗ ਸਮੇਂ-ਸਮੇਂ ਤੇ ਆਪਣੇ ਕਰਮਚਾਰੀਆਂ/ਅਧਿਕਾਰੀਆਂ ਦੇ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਰਹਿੰਦਾ ਹੈ।

ਪੇਸ਼ਕਸ਼ : ***ਦੇਵ ਗੋਸਵਾਮੀ***

—o—

**ਇੰਜੀਨੀਅਰ ਬੀ.ਐੱਸ. ਭਟਨਾਗਰ, ਸਹਾਇਕ ਅਭਿਯੰਤਾ (ਸਿਵਿਲ) ਸਨਮਾਨਤ :-** ਇੰਜੀਨੀਅਰ ਬੀ. ਐੱਸ. ਭਟਨਾਗਰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵਿੱਚ ਸਹਾਇਕ ਅਭਿਯੰਤਾ (ਸਿਵਿਲ) ਦੇ ਪਦ ਤੇ ਕਾਰਜਰਤ ਹਨ। ਇਨ੍ਹਾਂ ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਸਾਲ 2011 ਦੀ ਭਾਰਤੀ ਮਰਦਮਸ਼ੁਮਾਰੀ ਕਰਨ ਦਾ ਅਤਿ-ਰਿਕਤ ਕਾਰਜ ਸੌਂਪਿਆ ਗਿਆ। ਜਿਸ ਨੂੰ ਇਨ੍ਹਾਂ ਨੇ ਸਖ਼ਤ ਮਿਹਨਤ ਨਾਲ ਸਮੇਂ ਬੱਧ ਤਰੀਕੇ ਨਾਲ ਪੂਰਾ ਕਰਵਾਇਆ। ਇੰਜੀਨੀਅਰ ਬੀ. ਐੱਸ. ਭਟਨਾਗਰ ਨੂੰ ਭਾਰਤ ਦੀ ਜਨਗਣਨਾ 2011 ਦੇ ਦੌਰਾਨ ਅਸਾਧਾਰਣ ਉਤਸ਼ਾਹ ਅਤੇ ਉੱਚ ਕੋਟੀ ਦੀਆਂ ਸੇਵਾਵਾਂ ਦੇ ਉਪਲਕਸ਼ ਵਿੱਚ 'ਜਨਗਣਨਾ ਰਜਤ ਤਗ਼ਮਾ ਅਤੇ ਰਾਸ਼ਟਰਪਤੀ ਸਨਮਾਨ-ਪੱਤਰ' ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਇਨ੍ਹਾਂ ਨੂੰ ਤਿਆਗਰਾਜ ਸਟੇਡੀਅਮ ਵਿੱਚ 9 ਦਸੰਬਰ, 2014 ਨੂੰ ਮਾਣਯੋਗ ਜਨਗਣਨਾ ਨਿਦੇਸ਼ਕ ਸ੍ਰੀਮਤੀ ਵਰਸ਼ਾ ਜੋਸ਼ੀ (ਆਈ.ਏ.ਐੱਸ.) ਵੱਲੋਂ 'ਤਗ਼ਮਾ ਵੰਡ ਸਮਾਰੋਹ' ਵਿੱਚ ਪ੍ਰਦਾਨ ਕੀਤਾ ਗਿਆ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਅਜਿਹੇ ਮਿਹਨਤੀ ਅਧਿਕਾਰੀ ਇੰਜੀਨੀਅਰ ਬੀ. ਐੱਸ. ਭਟਨਾਗਰ ਨੂੰ ਬਹੁਤ-ਬਹੁਤ ਸ਼ੁਭਕਾਮਨਾਵਾਂ !

—o—

# ਪਰੀਸ਼ਦ ਗਤੀਵਿਧੀਆਂ







**ਰੇਸਕੋਰਸ ਝੁੱਗੀ-ਝੌਂਪੜੀ ਖੇਤਰ ਵਿੱਚ ਵਿਸ਼ੇਸ਼ ਸਿਹਤ ਜਾਂਚ ਕੈਂਪ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਰੇਸਕੋਰਸ ਸਥਿਤ ਝੁੱਗੀ-ਝੌਂਪੜੀ ਬਸਤੀ ਵਿੱਚ ਇਕ ਵਿਸ਼ੇਸ਼ ਜਾਂਚ ਕੈਂਪ ਦਾ ਆਯੋਜਨ 14 ਮਾਰਚ, 2015 ਨੂੰ ਕੀਤਾ ਗਿਆ। ਪਾਲਿਕਾ ਪਰੀਸ਼ਦ ਦੇ ਡਾਕਟਰਾਂ ਦੇ ਇਕ ਦਲ ਦੁਆਰਾ ਜਾਂਚ ਉਪਕਰਣਾਂ ਦੇ ਨਾਲ ਇਸ ਕੈਂਪ ਵਿੱਚ ਝੁੱਗੀ-ਝੌਂਪੜੀ ਬਸਤੀ ਦੇ 400 ਤੋਂ ਵੱਧ ਵਸਨੀਕਾਂ ਦੀ ਜਾਂਚ ਕੀਤੀ ਗਈ। ਇਸ ਸਿਹਤ ਜਾਂਚ ਕੈਂਪ ਦੇ ਅੰਤਰਗਤ ਛੋਟੇ ਜੁਆਕ, ਬੱਚਿਆਂ ਅਤੇ 21 ਵਰ੍ਹੇ ਤੱਕ ਦੇ ਬਾਲਗਾਂ ਦੇ ਪੋਸ਼ਣ ਅਤੇ ਸਿਹਤ ਪੱਧਰ ਦੀ ਜਾਂਚ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਇਸ ਤੋਂ ਪਹਿਲੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਅਜਿਹੇ ਸੱਤ ਜਾਂਚ ਕੈਂਪਾਂ ਦਾ ਆਯੋਜਨ ਆਪਣੇ ਖੇਤਰ ਦੇ ਝੁੱਗੀ-ਝੌਂਪੜੀ ਖੇਤਰ ਵਿੱਚ ਕੀਤਾ ਸੀ ਅਤੇ ਇਸ ਮੁਹਿੰਮ ਦੇ ਅੰਤਰਗਤ ਨਵੀਂ ਦਿੱਲੀ ਖੇਤਰ ਦੀਆਂ ਸਾਰੀਆਂ 28 ਝੁੱਗੀ-ਝੌਂਪੜੀ ਬਸਤੀਆਂ ਵਿੱਚ ਅਜਿਹੇ ਕੈਂਪ ਲਗਾਉਣ ਦੀ ਯੋਜਨਾ ਹੈ।

—o—

**ਮਲੇਰੀਆ ਨਿਰੀਖਕਾਂ ਲਈ ਸਿਖਲਾਈ ਪ੍ਰੋਗਰਾਮ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਿਹਤ ਵਿਭਾਗ ਵੱਲੋਂ 14 ਮਾਰਚ, 2015 ਨੂੰ ਮਲੇਰੀਆ ਇਕਾਈ ਦੇ ਨਿਰੀਖਕਾਂ ਪੱਧਰੀ ਕਰਮਚਾਰੀਆਂ ਦੇ ਲਈ ਇਕ ਸਿਖਲਾਈ ਪ੍ਰੋਗਰਾਮ ਕਨਵੈਨਸ਼ਨ ਸੈਂਟਰ ਵਿੱਚ ਆਯੋਜਿਤ ਕੀਤਾ ਗਿਆ। ਇਸ ਸਿਖਲਾਈ ਪ੍ਰੋਗਰਾਮ ਵਿੱਚ 300 ਤੋਂ ਜ਼ਿਆਦਾ ਮਲੇਰੀਆ ਇਕਾਈ ਦੇ ਕਰਮਚਾਰੀਆਂ ਨੇ ਹਿੱਸਾ ਲਿਆ।

ਇਸ ਮੌਕੇ ਤੇ ਸਿਹਤ ਅਤੇ ਪਰਿਵਾਰ ਕਲਿਆਣ ਮੰਤ੍ਰਾਲੇ ਦੇ ਅੰਤਰਗਤ ਰਾਸ਼ਟਰੀ ਜਲਜਨਿਤ ਰੋਗ ਕੰਟਰੋਲ ਪ੍ਰੋਗਰਾਮ ਦੇ ਡਾ. ਸੁਖਬੀਰ ਸਿੰਘ, ਰਾਸ਼ਟਰੀ ਮਲੇਰੀਆ ਅਨੁੰਸਧਾਨ ਸੰਸਥਾਨ ਦੇ ਡਾ. ਹਿੰਮਤ ਸਿੰਘ ਅਤੇ ਦਿੱਲੀ ਨਗਰ ਨਿਗਮ ਦੇ ਡਾ. ਐੱਲ.ਆਰ. ਵਰਮਾ ਨੇ ਆਪਣੇ ਵਿਚਾਰਾਂ ਨਾਲ ਸਾਰੇ ਕਰਮਚਾਰੀਆਂ ਨੂੰ ਮਲੇਰੀਆ ਦੇ ਲਕਸ਼ਣਾਂ, ਬਚਾਵ ਦੇ ਉਪਾਵਾਂ ਅਤੇ ਨਿਗਰਾਨੀ ਅਤੇ ਨਸ਼ਟ ਕਰਨ ਦੇ ਬਾਰੇ ਵਿੱਚ ਵੀ ਦੱਸਿਆ।

—o—



**ਪਾਲਿਕਾ ਪਰੀਸ਼ਦ ਮੈਂਬਰਾਂ ਨੇ ਸਹੁੰ ਚੁੱਕੀ :-** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ਨਵੀਂ ਦਿੱਲੀ ਦੇ ਐੱਮ.ਐੱਲ.ਏ. ਅਤੇ ਦਿੱਲੀ ਦੇ ਮੁੱਖ ਮੰਤਰੀ, ਸ੍ਰੀ ਅਰਵਿੰਦ ਕੇਜਰੀਵਾਲ ਨੂੰ 20 ਮਾਰਚ, 2015 ਨੂੰ ਸੰਵਿਧਾਨ ਦੇ ਪ੍ਰਤੀ ਵਿਸ਼ਵਾਸ ਅਤੇ ਫ਼ਰਜ਼ਨਿਸ਼ਠਾ ਦੀ ਸਹੁੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੈਂਬਰ ਦੇ ਰੂਪ ਵਿੱਚ ਦਿਵਾਈ।

ਸਹੁੰ ਚੁੱਕਣ ਤੋਂ ਬਾਅਦ ਸ੍ਰੀ ਅਰਵਿੰਦ ਕੇਜਰੀਵਾਲ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਵਡਿਆਈ ਕੀਤੀ ਅਤੇ ਕਿਹਾ ਕਿ ਉਹ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਉਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਰ ਸੰਭਵ ਸਹਿਯੋਗ ਦੇਣਗੇ।

ਸਹੁੰ ਚੁੱਕਣ ਤੋਂ ਬਾਅਦ ਸ੍ਰੀ ਅਰਵਿੰਦ ਕੇਜਰੀਵਾਲ ਨੇ ਪਾਲਿਕਾ ਪਰੀਸ਼ਦ ਬੈਠਕ ਦੀ ਪ੍ਰਧਾਨਗੀ ਕੀਤੀ ਅਤੇ ਦਿੱਲੀ ਕੈਂਟ ਤੋਂ ਐੱਮ.ਐੱਲ.ਏ. ਸ੍ਰੀ ਸੁਰੇਂਦਰ ਸਿੰਘ ਅਤੇ ਦਿੱਲੀ ਸਰਕਾਰ ਦੇ ਸਿੱਖਿਆ, ਸਿਖਲਾਈ ਅਤੇ ਤਕਨੀਕੀ ਸਿੱਖਿਆ ਵਿਭਾਗ ਦੀ ਸਕੱਤਰ, ਸੁਸ੍ਰੀ ਪੁੰਨ ਸਲੀਲਾ ਸ੍ਰੀਵਾਸਤਵ ਨੂੰ ਵੀ ਸੰਵਿਧਾਨ ਦੇ ਪ੍ਰਤੀ ਵਿਸ਼ਵਾਸ ਅਤੇ ਫ਼ਰਜ਼ਨਿਸ਼ਠਾ ਦੀ ਸਹੁੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੈਂਬਰ ਦੇ ਰੂਪ ਵਿੱਚ ਦਿਵਾਈ।

ਇਸ ਮੌਕੇ ਤੇ ਪਾਲਿਕਾ ਪਰੀਸ਼ਦ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ਦਿੱਲੀ ਦੇ ਮੁੱਖ ਮੰਤਰੀ ਅਤੇ ਹੋਰ ਮੈਂਬਰਾਂ ਨੂੰ ਪਾਲਿਕਾ ਪਰੀਸ਼ਦ ਦੀ ਕਾਰਜਪ੍ਰਣਾਲੀ ਅਤੇ ਵਿਭਿੰਨ ਗਤੀ-ਵਿਧੀਆਂ ਨਾਲ ਵਿਸਤਾਰ ਨਾਲ ਜਾਣੂ ਕਰਵਾਇਆ।

—o—

# ਬਜਟ ਸਮਾਚਾਰ

## ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਾਲ 2015-16 ਦਾ ਬਜਟ

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ 25 ਮਾਰਚ, 2015 ਨੂੰ ਪਾਲਿਕਾ ਪਰੀਸ਼ਦ ਦੀ ਬੈਠਕ ਵਿੱਚ ਸਾਲ 2015-16 ਦਾ ਬਜਟ ਪੇਸ਼ ਕੀਤਾ। ਬਜਟ ਪੇਸ਼ ਕਰਨ ਤੋਂ ਬਾਅਦ ਪੱਤਰਕਾਰ ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਨਵੀਂ ਦਿੱਲੀ ਨੂੰ ਵਿਸ਼ਵ ਪੱਧਰੀ 'ਸਮਾਰਟ ਸਿਟੀ' ਬਨਾਉਣ ਦਾ ਸਾਂਝਾ ਸੁਪਨਾ ਕੇਵਲ ਸੂਖਮ ਯੋਜਨਾ ਅਤੇ ਸਾਰੇ ਪ੍ਰਭਾਵਤ ਹੋਣ ਵਾਲੇ ਵਰਗਾਂ ਦੀ ਭਾਗੀਦਾਰੀ ਨਾਲ ਹੀ ਸਾਕਾਰ ਕੀਤਾ ਜਾ ਸਕਦਾ ਹੈ।

ਸ੍ਰੀ ਜਲਜ ਸ੍ਰੀਵਾਸਤਵ ਨੇ ਪਾਲਿਕਾ ਪਰੀਸ਼ਦ ਦਾ ਸਾਲ 2015-16 ਦੇ ਲਈ ਰੁਪਏ 27.20 ਕਰੋੜ ਦੇ ਮੁਨਾਫ਼ੇ ਦਾ ਬਜਟ ਪੇਸ਼ ਕੀਤਾ ਹੈ। ਇਸ ਆਗਾਮੀ ਵਿੱਤ ਸਾਲ 2015-16 ਦੇ ਲਈ ਕੁਲ ਰੁਪਏ 3153.22 ਕਰੋੜ ਦੀ ਪ੍ਰਾਪਤੀ ਦੇ ਅਨੁਮਾਨ ਦੀ ਤੁਲਨਾ ਵਿੱਚ ਕੁਲ ਰੁਪਏ 3126.02 ਕਰੋੜ ਦੇ ਅਨੁਮਾਨਤ ਖ਼ਰਚ ਦਾ ਟੀਚਾ ਰੱਖਿਆ ਗਿਆ ਹੈ। ਪਾਲਿਕਾ ਪਰੀਸ਼ਦ ਲਗਭਗ 94 ਪ੍ਰਤੀਸ਼ਤ ਰਾਜਸਵ ਆਪਣੇ ਅੰਦਰੂਨੀ ਸ੍ਰੋਤਾਂ ਤੋਂ ਹੀ ਪ੍ਰਾਪਤ ਕਰਦੀ ਹੈ, ਜਿਨ੍ਹਾਂ ਵਿੱਚੋਂ 42 ਪ੍ਰਤੀਸ਼ਤ ਕਰ ਅਤੇ ਉਪਯੋਗਕਰਤਾ ਕਰ ਤੋਂ, 14 ਪ੍ਰਤੀਸ਼ਤ ਪਾਲਿਕਾ ਦੀਆਂ ਜਾਇਦਾਦਾਂ ਦੇ ਲਾਇਸੈਂਸ ਕਰ ਤੋਂ, 13 ਪ੍ਰਤੀਸ਼ਤ ਜਾਇਦਾਦ ਕਰ ਅਤੇ ਬਿਜਲੀ ਕਰ ਤੋਂ ਅਤੇ 15 ਪ੍ਰਤੀਸ਼ਤ ਵਿਆਜ਼ ਤੋਂ ਹੈ। **ਵਿੱਤ ਵਰ੍ਹੇ 2015-16 ਦੇ ਲਈ ਜਾਇਦਾਦ ਕਰ ਵਿੱਚ ਕੋਈ ਬੜ੍ਹੋਤਰੀ ਦਾ ਪ੍ਰਸਤਾਵ ਨਹੀਂ ਕੀਤਾ ਗਿਆ ਹੈ।**

### ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਬਜਟ 2015-16 ਦੇ ਵਿਸ਼ੇਸ਼ ਬਿੰਦੂ :-

- ਸੋਧਿਆ ਅਨੁਮਾਨ ਸਾਲ 2014-15 ਵਿੱਚ ਰੁਪਏ 2670.93 ਕਰੋੜ ਦੀ ਤੁਲਨਾ ਵਿੱਚ ਬਜਟ ਅਨੁਮਾਨ ਰੁਪਏ 2835.72 ਕਰੋੜ ਦੇ ਰਾਜਸਵ ਪ੍ਰਾਪਤੀ ਤੋਂ 6.17 ਪ੍ਰਤੀਸ਼ਤ ਦੀ ਬੜ੍ਹੋਤਰੀ ਕੀਤੀ ਗਈ ਹੈ।
- ਸੋਧਿਆ ਅਨੁਮਾਨ ਸਾਲ 2014-15 ਵਿੱਚ ਰੁਪਏ 2665.14 ਕਰੋੜ ਦੀ ਤੁਲਨਾ ਵਿੱਚ ਰੁਪਏ 2820.57 ਕਰੋੜ ਦੇ ਰਾਜਸਵ ਖ਼ਰਚ ਵਿੱਚ 5.83 ਪ੍ਰਤੀਸ਼ਤ ਬੜ੍ਹੋਤਰੀ ਹੋਈ ਹੈ।
- ਸੋਧਿਆ ਅਨੁਮਾਨ 2014-15 ਰੁਪਏ 2670.93 ਕਰੋੜ ਦੀ ਤੁਲਨਾ ਵਿੱਚ ਰੁਪਏ 305.46 ਕਰੋੜ ਦਾ ਪੂੰਜੀਗਤ ਖ਼ਰਚ 16.26 ਪ੍ਰਤੀਸ਼ਤ ਬੜ੍ਹੋਤਰੀ ਦੇ ਨਾਲ ਹੋਇਆ ਹੈ।
- ਬਾਹਰੀ ਸ੍ਰੋਤਾਂ ਤੋਂ ਕੁਲ ਰਾਜਸਵ ਪ੍ਰਾਪਤੀ ਕੇਵਲ 6 ਪ੍ਰਤੀਸ਼ਤ (ਰੁਪਏ 178.31 ਕਰੋੜ) ।
- ਲਾਇਸੈਂਸ ਕਰ ਪ੍ਰਾਪਤੀ ਸਾਲ 2013-14 ਦੇ ਵਾਸਤਵਿਕ ਤੋਂ 50 ਪ੍ਰਤੀਸ਼ਤ ਜ਼ਿਆਦਾ ਅਤੇ ਸੋਧਿਆ ਅਨੁਮਾਨ 2014-15 ਤੋਂ 10 ਪ੍ਰਤੀਸ਼ਤ ਜ਼ਿਆਦਾ ਰੁਪਏ 430.95 ਕਰੋੜ।
- **ਅਨੁਮਾਨਤ ਖ਼ਰਚ ਵਿਵਸਥਾ :-** ਸੜਕ ਅਤੇ ਫੁਟਪਾਥ ਤੇ ਰੁਪਏ 125.40 ਕਰੋੜ, ਬਿਜਲੀ ਵੰਡ ਤੇ ਰੁਪਏ 1302.12 ਕਰੋੜ, ਜਲ ਸਪਲਾਈ ਤੇ ਰੁਪਏ 129.22 ਕਰੋੜ, ਪਾਰਕ ਅਤੇ ਬਾਗ਼ਾਂ ਤੇ ਰੁਪਏ 86.63 ਕਰੋੜ, ਠੋਸ ਕੂੜਾ ਪ੍ਰਬੰਧਨ ਅਤੇ ਸਵੱਛਤਾ ਤੇ ਰੁਪਏ 123.39 ਕਰੋੜ, ਚਿਕਿਤਸਾ ਸੇਵਾਵਾਂ ਅਤੇ ਜਨ-ਸਿਹਤ ਤੇ 83.05 ਕਰੋੜ, ਸਿੱਖਿਆ ਤੇ ਰੁਪਏ 150.37 ਕਰੋੜ ਅਤੇ ਪਾਲਿਕਾ ਪਰੀਸ਼ਦ ਮਾਰਕੀਟਾਂ ਤੇ 79.52 ਕਰੋੜ।

### ਸਾਲ 2015-16 ਦੇ ਬਜਟ ਵਿੱਚ ਜਿਨ੍ਹਾਂ ਨਵੀਆਂ ਪਰਿਯੋਜਨਾਵਾਂ ਅਤੇ ਉੱਦਮਾਂ ਦਾ ਐਲਾਨ ਕੀਤਾ ਗਿਆ ਹੈ, ਉਹ ਇਸ ਤਰ੍ਹਾਂ ਹੈ :-


- **ਸਮਾਰਟ ਪੋਲਸ :-** ਪਾਲਿਕਾ ਪਰੀਸ਼ਦ ਨੇ ਆਪਣੇ ਖੇਤਰ ਵਿੱਚ ਸਥਾਪਤ 18,500 ਬਿਜਲੀ ਦੇ ਖੰਭਿਆਂ ਨੂੰ ਪ੍ਰਯੋਗ ਕਰਕੇ ਜਾਂ ਉਨ੍ਹਾਂ ਨੂੰ ਬਦਲ ਕੇ ਉਨ੍ਹਾਂ ਦੀ ਥਾਂ ਤੇ ਐੱਲ.ਈ.ਡੀ., ਸੀ.ਸੀ.ਟੀ.ਵੀ. ਯੁਕਤ ਖੰਭਿਆਂ ਨੂੰ ਲਗਾਉਣ ਦਾ ਫ਼ੈਸਲਾ ਲਿਆ ਹੈ। ਇਨ੍ਹਾਂ ਦੇ ਮਾਧਿਅਮ ਨਾਲ ਵਾਈ-ਫਾਈ/2ਜੀ/3ਜੀ/4 ਜੀ ਆਧਾਰਤ ਵਿਵਿਧ ਅਗਲੀ ਪੀੜ੍ਹੀ ਦੀ ਡਿਜੀਟਲ ਸੇਵਾਵਾਂ ਉਪਲਬਧ ਕਰਾਈ ਜਾਏਗੀ। ਇਨ੍ਹਾਂ ਤੇ ਪਾਲਿਕਾ ਪਰੀਸ਼ਦ ਨੂੰ ਆਪਣੇ ਵੱਲੋਂ ਕੋਈ ਅਤਿਰਿਕਤ ਖ਼ਰਚਾ ਨਹੀਂ ਕਰਨਾ ਹੋਵੇਗਾ, ਇਹ ਉੱਦਮ ਰਾਜਸਵ-ਭਾਗੀਦਾਰੀ ਦੇ ਮਾਡਲ ਤੇ ਆਧਾਰਤ ਹੋਵੇਗਾ।
- **ਸੋਲਰ ਸਿਟੀ ਪ੍ਰੋਜੈਕਟ :-** ਪਾਲਿਕਾ ਪਰੀਸ਼ਦ ਨੇ ਆਪਣੇ ਸਕੂਲਾਂ/ਆਫ਼ਿਸਾਂ ਦੀਆਂ ਛੱਤਾਂ ਤੇ 4 ਮੈਗਾਵਾਟ ਦੀ ਸੌਰ ਊਰਜਾ ਸ਼ੁਰੂਆਤੀ ਪੱਧਰ ਤੇ ਉਤਪਾਦਤ ਕਰਨ ਦਾ ਖੁੱਲ੍ਹੇ ਟੈਂਡਰ ਆਧਾਰ ਤੇ ਇਕ ਮਾਸਟਰ ਪਲਾਨ ਬਣਾਇਆ ਹੈ।
- **ਕਚਰੇ ਤੋਂ ਊਰਜਾ ਉਤਪਾਦਨ :-** ਪਾਲਿਕਾ ਪਰੀਸ਼ਦ ਖੇਤਰ ਵਿੱਚ ਵਿਭਿੰਨ ਥਾਂਵਾਂ ਤੇ ਕਚਰੇ ਤੋਂ ਬਿਜਲੀ ਬਣਾਓਣ ਦੇ ਲਈ ਅਜਿਹੇ ਸੰਯੰਤਰਾਂ ਦੀ ਇਕ ਕੜੀ ਸਥਾਪਤ ਕਰਨ ਦਾ ਟੀਚਾ ਰੱਖਿਆ ਗਿਆ ਹੈ, ਜਿਸ ਦੇ ਅੰਤਰਗਤ ਖੇਤਰ ਦੇ 100 ਪ੍ਰਤੀਸ਼ਤ ਕਚਰੇ ਨੂੰ ਵਾਤਾਵਰਣ ਅਨੁਕੂਲ ਤਰੀਕੇ ਨਾਲ ਉਪਲਬਧ ਤਕਨਾਲੋਜੀ ਦੇ ਮਾਧਿਅਮ ਨਾਲ ਰੀ-ਸਾਇਕਲ ਕਰਕੇ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਜਾਂ ਗੈਸ ਬਣਾਈ ਜਾਵੇ।
- **ਊਰਜਾ ਪਰਿਯੋਜਨਾ :-** ਇਸ ਪਰਿਯੋਜਨਾ ਦਾ ਮਕਸਦ ਔਰਤਾਂ ਵਿੱਚ ਦੱਬੀ ਹੋਈ ਅਤੇ ਬਿਨਾਂ ਵਰਤਿਆ ਕੌਸ਼ਲ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਵਿੱਚ ਵਿਕਸਤ ਕਰਨ ਦਾ ਉੱਦਮ ਹੈ। ਮਹਿਲਾਵਾਂ ਨੂੰ 'ਸੁਰੱਖਿਅਤ ਹੋਣ ਦੀ ਬਜਾਏ ਰੱਖਿਅਕ ਬਣਾਨ' ਅਤੇ ਉਨ੍ਹਾਂ ਨੂੰ ਪ੍ਰਚਲਤ ਭੇਤਭਾਵ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਿੱਚ ਕਾਬਲ ਬਣਾਉਣਾ, ਇਸ ਯੋਜਨਾ ਦਾ ਮੰਤਵ ਹੈ।
- **ਸ਼ਕਤੀ ਕੈਬ ਸੇਵਾ :-** ਮਹਿਲਾ ਯਾਤਰੀਆਂ ਨੂੰ ਸੁਰੱਖਿਅਤ ਸੁਵਿਧਾਵਾਂ ਉਪਲਬਧ ਕਰਾਉਣ ਨੂੰ ਸਮਰਪਿਤ ਹੈ। ਇਕ ਪਾਇਲਟ ਪ੍ਰੋਜੈਕਟ ਦੇ ਅੰਤਰਗਤ ਪਾਲਿਕਾ ਪਰੀਸ਼ਦ ਦੇ ਮਹਿਲਾ ਤਕਨੀਕੀ ਸੰਸਥਾਨ (WTI) ਨੇ ਮਹਿਲਾਵਾਂ ਨੂੰ ਵਪਾਰਕ ਚਾਲਕਾਂ ਦੇ ਰੂਪ ਵਿੱਚ ਕੌਸ਼ਲ-ਸੰਪੰਨ ਕੀਤਾ ਹੈ। ਇਹ ਜੀ.ਪੀ.ਐੱਸ. ਯੁਕਤ ਕੈਬ ਚਲਾਏਗੀ ਅਤੇ ਰਾਤ ਨੂੰ ਇਨ੍ਹਾਂ ਵਿੱਚ ਇਕ ਸੁਰੱਖਿਆ ਗਾਰਡ ਵੀ ਹੋਵੇਗਾ।
- **ਫੁਟਬਾਲ ਅਕਾਦਮੀ :-** ਨਗਰ ਪਾਲਿਕਾ ਮਾਧਮਿਕ ਸਕੂਲ ਮੰਦਰ ਮਾਰਗ ਦੇ ਪਿੱਛੇ 'ਡਿਜ਼ਾਈਨ, ਵਿਕਾਸ, ਸੰਚਾਲਨ ਅਤੇ ਪ੍ਰਬੰਧਨ' ਆਧਾਰ ਤੇ ਸ਼ੇਰ ਮੈਦਾਨ ਤੇ 3 ਜੀ ਬਨਾਵਟੀ ਘਾਹ ਸਮੇਤ ਇਕ ਫੀਫਾ-ਪੱਧਰ ਦੀ ਫੁਟਬਾਲ ਅਕਾਦਮੀ ਦੀ ਸਥਾਪਨਾ ਕੀਤੀ ਜਾ ਰਹੀ ਹੈ।
- **ਪੰਜ ਤਕਨਾਲੋਜੀ ਕਾਬਲ ਕਲਾਸਾਂ** ਦੀ ਸਥਾਪਨਾ ਕਰਨ ਦੇ ਲਈ ਇਕ ਪਾਇਲਟ ਪਰਿਯੋਜਨਾ ਬਣਾਈ ਗਈ ਹੈ।
- **ਰੋਜ਼ਗਾਰ ਮੁੱਖੀ ਕੌਸ਼ਲ ਵਿਕਾਸ** ਦੇ ਲਈ ਉਦਯੋਗਿਕ ਸਿਖਲਾਈ ਸੰਸਥਾਨਾਂ (ਆਈ.ਟੀ.ਆਈ.) ਦੀ ਤਰਜ਼ ਤੇ ਮੁੰਡਿਆਂ ਦੇ ਲਈ ਇਕ ਤਕਨੀਕੀ ਸੰਸਥਾਨ ਦੀ ਸਥਾਪਨਾ ਦਾ ਪ੍ਰਸਤਾਵ ਵੀ ਹੈ।
- **ਕੌਸ਼ਲ ਵਿਕਾਸ ਕੇਂਦਰ :-** ਇਸ ਦੀ ਸਥਾਪਨਾ ਦਾ ਮਕਸਦ ਲੋਕਾਂ ਨੂੰ ਕਈ ਤਰ੍ਹਾਂ ਨਾਲ ਕੌਸ਼ਲ ਸੰਪੰਨ ਕਰਕੇ ਆਤਮ-ਨਿਰਭਰ ਅਤੇ ਵਿਭਿੰਨ ਰੁਜ਼ਗਾਰਾਂ ਦੇ ਕਾਬਲ ਬਣਾਉਣਾ ਹੈ। ਫੁੱਲਾਂ ਦੇ ਗੁਲਦਸਤੇ ਅਤੇ ਸਜਾਵਟ, ਖਾਦਯ-ਹਿਫ਼ਾਜ਼ਤ, ਚਾਕਲੇਟ ਬਣਾਉਣ ਆਦਿ ਦੀ ਘਰੇਲੂ ਟ੍ਰੇਨਿੰਗ ਮਾਲੀਆਂ ਅਤੇ ਟੀ.ਐੱਮ.ਆਰ./ਆਰ.ਐੱਮ.ਆਰ. ਕਰਮਚਾਰੀਆਂ ਨੂੰ ਦਿੱਤੀ ਜਾਵੇਗੀ। ਪਾਲਿਕਾ ਪਰੀਸ਼ਦ ਦੇ ਮਹਿਲਾ ਤਕਨੀਕੀ ਸੰਸਥਾਨ ਵਿੱਚ 'ਸਿਲਾਈ ਅਤੇ ਫ਼ੈਸ਼ਨ ਡਿਜ਼ਾਈਨਿੰਗ', ਕੇਟਰਿੰਗ, ਡਰਾਈਵਿੰਗ, ਕੰਪਿਊਟਰ ਐਪਲੀਕੇਸ਼ਨ ਅਤੇ ਘਰੇਲੂ ਪ੍ਰਬੰਧਨ ਦੀ ਟਰੇਨਿੰਗ ਪਾਠ੍ਯਕ੍ਰਮ ਪਹਿਲੇ ਤੋਂ ਹੀ ਚਲਾਏ ਜਾ ਰਹੇ ਹਨ।
- **ਪ੍ਰਸ਼ਾਸਨ ਵਿੱਚ ਸ਼ਮਤਾ ਵਾਧੇ** ਦੇ ਲਈ ਨਵੀਨਤਮ ਤਕਨਾਲੋਜੀ ਦਾ ਫ਼ਾਇਦਾ ਉਠਾਇਆ ਜਾਵੇਗਾ।

ਇਸ ਮੌਕੇ ਤੇ ਐੱਮ.ਐੱਲ.ਏ. ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਸੁਰੇਂਦਰ ਸਿੰਘ, ਪਰੀਸ਼ਦ ਮੈਂਬਰ ਸ੍ਰੀ ਬੀ.ਐੱਸ. ਭਾਟੀ, ਸ੍ਰੀ ਅਬਦੁਲ ਰਸ਼ੀਦ ਅੰਸਾਰੀ, ਸ੍ਰੀਮਤੀ ਅਨੀਤਾ ਆਰੀਆ ਵੀ ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀਆਂ ਸਮੇਤ ਮੌਜੂਦ ਸਨ।

## ਵੱਡਾ ਸਾਹਿਤਕਾਰ

# ਕਰਤਾਰ ਸਿੰਘ ਦੁੱਗਲ

*ਗੁਰਬਚਨ ਸਿੰਘ ਭੁੱਲਰ*



ਕਰਤਾਰ ਸਿੰਘ ਦੁੱਗਲ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿੱਚੋਂ ਸਨ। ਉਹ ਪੰਜਾਬੀ ਦੇ ਵੱਡੇ ਗਲਪਕਾਰ ਹੀ ਨਹੀਂ, ਵੱਡੇ ਸਾਹਿਤਕਾਰ ਸਨ। ਉਹਨਾਂ ਨੇ ਆਰੰਭ 1941 ਵਿੱਚ ਪਹਿਲਾ ਕਾਵਿ-ਸੰਗ੍ਰਹਿ 'ਕੰਢੇ ਕੰਢੇ' ਅਤੇ ਪਹਿਲਾ ਕਹਾਣੀ-ਸੰਗ੍ਰਹਿ 'ਸਵੇਰ ਸਾਰ' ਦੇ ਕੇ ਕੀਤਾ। ਉਹਨਾਂ ਦੀਆਂ ਰਚਨਾਵਾਂ ਪੜ੍ਹਨ ਦਾ ਸੁਭਾਗ ਹੋਰ ਕਈ ਭਾਸ਼ਾਵਾਂ ਦੇ ਪਾਠਕਾਂ ਨੂੰ ਵੀ ਪ੍ਰਾਪਤ ਹੋਇਆ। ਜਿਸ ਕਿਸੇ ਦਾ ਵੀ ਕਦੀ ਉਹਨਾਂ ਨਾਲ ਵਾਹ ਪਿਆ, ਉਹੋ ਇਸ ਗੱਲ ਦੀ ਸ਼ਾਹਦੀ ਭਰੇਗਾ ਕਿ ਵੱਡੇ ਸਾਹਿਤਕਾਰ ਹੋਣ ਅਤੇ ਵੱਡੀਆਂ ਪਦਵੀਆਂ ਉੱਤੇ ਰਹਿਣ ਦੇ ਬਾਵਜੂਦ ਇਕ ਮਨੁੱਖ ਵਜੋਂ ਉਹ ਬਹੁਤ ਸਾਊ, ਸਨਿਮਰ ਅਤੇ ਸੁਚੱਜੇ ਸਨ।

ਉਹਨਾਂ ਦਾ ਨਾਂ ਅਜਿਹੇ ਲੇਖਕਾਂ ਵਿੱਚ ਆਉਂਦਾ ਹੈ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਸਹੀ ਅਰਥਾਂ ਵਿੱਚ ਆਧੁਨਿਕ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਐੱਮ.ਏ. ਉਹਨਾਂ ਨੇ ਉਸ ਸਮੇਂ ਦੇ ਪ੍ਰਮੁੱਖ ਕਾਲਜ, ਐਫ਼.ਸੀ. ਕਾਲਜ, ਲਾਹੌਰ ਤੋਂ ਅੰਗਰੇਜ਼ੀ ਆਨਰਜ਼ ਵਿੱਚ ਕੀਤੀ ਪਰ ਉਹਨਾਂ ਦੀ ਕਲਮ ਮੁੱਖ ਤੌਰ ਉੱਤੇ ਪੰਜਾਬੀ ਨੂੰ ਸਮਰਪਿਤ ਰਹੀ। ਕਹਾਣੀ ਵਿੱਚ ਤਾਂ ਉਹਨਾਂ ਦਾ ਨਾਂ ਖ਼ਾਸ ਕਰਕੇ ਉੱਚ-ਦੁਮਾਲੜਾ ਹੈ। ਕਹਾਣੀ ਨਾਲ ਦੁੱਗਲ ਦੀ ਸਾਂਝ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋਵੇਗਾ ਕਿ ਆਪਣੇ ਤੋਂ ਮਗਰੋਂ ਆਈ ਕਹਾਣੀਕਾਰਾਂ ਦੀ ਹਰ ਪੀੜ੍ਹੀ ਦੇ ਹਾਣੀ ਬਣਦਿਆਂ ਉਹ ਭਰਪੂਰ ਜੋਸ਼ ਨਾਲ ਕਦਮ ਮਿਲਾ ਕੇ ਤੁਰਦੇ ਰਹੇ। ਜਦੋਂ ਉਹਨਾਂ ਦੇ ਸਮਕਾਲੀਆਂ ਨੇ ਕਲਮਾਂ ਨੂੰ ਧੂਫ਼ ਦੇ ਕੇ ਸਾਂਭ ਦਿੱਤਾ, ਉਹ ਤਦ ਵੀ ਲਿਖਦੇ ਰਹੇ।

ਕਲਮ ਨਾਲ ਉਹਨਾਂ ਦਾ ਨਾਤਾ ਏਨਾਂ ਪੀਡਾ ਸੀ ਕਿ ਨੌਕਰੀ ਦੀਆਂ ਜ਼ੁੰਮੇਵਾਰੀਆਂ ਤੋਂ ਇਲਾਵਾ ਉਹਨਾਂ ਦਾ ਸਮੁੱਚਾ ਸਮਾਂ ਕਲਮ ਦੇ ਲੇਖੇ ਹੀ ਲੱਗਦਾ ਸੀ। ਆਪਣੀ ਰਚਨਾਤਮਕ ਸਮਰੱਥਾ ਨੂੰ ਪਛਾਨਣਾ ਅਤੇ ਸਮੇਂ ਨੂੰ ਅਜਾਈਂ ਨਾ ਗੁਆਉਣਾ ਉਹਨਾਂ ਦੀ ਵੱਡੀ ਸਿਫ਼ਤ ਸੀ। ਇਹ ਉਹਨਾਂ ਦਾ ਸੁਭਾਗ ਰਿਹਾ ਕਿ 1942 ਤੋਂ 1966 ਤੱਕ ਦੀ ਆਲ ਇੰਡੀਆ ਰੇਡੀਓ ਦੀਆਂ ਉੱਚੀਆਂ ਪਦਵੀਆਂ ਦੀ ਨੌਕਰੀ ਨੇ ਉਹਨਾਂ ਨੂੰ ਕਈ ਸ਼ਹਿਰ ਤਾਂ ਦਿਖਾਏ ਹੀ, ਵੱਖ ਵੱਖ ਭਾਸ਼ਾਵਾਂ ਦੇ ਅਨੇਕ ਲੇਖਕਾਂ ਨਾਲ ਜਾਣ-ਪਛਾਣ ਅਤੇ ਸਾਹਿਤਕ ਸਾਂਝ ਦਾ ਅਵਸਰ ਵੀ ਦਿੱਤਾ। ਰੇਡੀਓ ਤੋਂ ਸੇਵਾ- ਮੁਕਤੀ ਪਿੱਛੋਂ ਜਦੋਂ ਉਹ 1966 ਤੋਂ 1973 ਤੱਕ ਨੈਸ਼ਨਲ ਬੁੱਕ ਟਰੱਸਟ ਦੇ ਸਕੱਤਰ ਤੇ ਫੇਰ ਡਾਇਰੈਕਟਰ ਰਹੇ, ਤਦ ਤਾਂ ਉਹਨਾਂ ਦਾ ਨਾਤਾ ਦੇਸ਼ ਦੀਆਂ ਸਾਰੀਆਂ ਭਾਸ਼ਾਵਾਂ ਦੇ ਸਾਹਿਤਕਾਰਾਂ ਤੇ ਸਾਹਿਤ ਨਾਲ ਹੀ ਜੁੜ ਗਿਆ। ਅੰਤ ਨੂੰ ਭਾਰਤ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਸਲਾਹਕਾਰ ਵਜੋਂ ਤਿੰਨ ਕੁ ਸਾਲ ਦੀ ਸੇਵਾ ਮਗਰੋਂ ਉਹ ਪੂਰੀ ਤਰ੍ਹਾਂ ਕਲਮ ਨੂੰ ਸਮਰਪਿਤ ਹੋ ਗਏ।

ਉਹ ਪੱਕੇ ਨਿੱਤਨੇਮੀ ਸਨ। ਆਮ ਕਰਕੇ ਨਿੱਤਨੇਮੀ ਹਰ ਰੋਜ਼ ਪੂਜਾ-ਪਾਠ ਕਰਨ ਵਾਲੇ ਵਿਅਕਤੀ ਨੂੰ ਕਿਹਾ

ਜਾਂਦਾ ਹੈ। ਉਹ ਦੋ ਵੇਲੇ ਗੁਰਬਾਣੀ ਦਾ ਪਾਠ ਤਾਂ ਕਰਦੇ ਹੀ ਸਨ, ਦੋ ਹੋਰ ਨੇਮ ਵੀ ਕਦੀ ਨਹੀਂ ਸਨ ਖੁੰਝਾਉਂਦੇ। ਇਕ ਸੀ ਲਿਖਣਾ ਤੇ ਦੂਜਾ ਸੈਰ ਨੂੰ ਜਾਣਾ। ਉਹਨਾਂ ਨਾਲ ਥੋੜ੍ਹਾ ਵਾਹ ਵੀ ਇਹ ਦਰਸਾ ਦਿੰਦਾ ਸੀ ਕਿ ਸਮੇਂ ਨੂੰ ਵਾਧੂ-ਵਿਹਲੀਆਂ ਗੱਲਾਂ ਵਿੱਚ ਅਜਾਈਂ ਗੁਆਉਣ ਦੀ ਥਾਂ ਉਹ ਲਿਖਣ-ਪੜ੍ਹਨ ਦੇ ਲੇਖੇ ਲਾਉਣ ਵਿੱਚ ਯਕੀਨ ਰੱਖਦੇ ਸਨ। ਇਸੇ ਯਕੀਨ ਸਦਕਾ ਹੀ ਤਾਂ ਉਹ ਏਨਾਂ ਫ਼ੈਲਵਾਂ ਰਚਨਾ-ਕਾਰਜ ਨੇਪਰੇ ਚਾੜ੍ਹ ਸਕੇ। ਕਿਸੇ ਨਾਲ ਗੱਲਬਾਤ ਸਮੇਂ ਉਹ ਸੁਣਦੇ ਬਹੁਤਾ, ਆਪਣਾ ਸੀਰ ਘੱਟ ਤੋਂ ਘੱਟ ਸ਼ਬਦਾਂ ਨਾਲ ਪਾਉਂਦੇ। ਜੇ ਸਰਦਾ ਹੁੰਦਾ, ਸ਼ਬਦਾਂ ਦੀ ਥਾਂ ਮੁਸਕਰਾਹਟ ਨਾਲ ਹੀ ਹੁੰਘਾਰਾ ਭਰ ਦਿੰਦੇ। ਸੈਰ ਸਮੇਂ ਬਹੁਤੇ ਲੋਕ ਵਾਕਫ਼ਾਂ-ਦੋਸਤਾਂ ਨੂੰ ਉਡੀਕ-ਲੱਭ ਕੇ ਇਧਰਲੀਆਂ-ਉਧਰਲੀਆਂ ਮਾਰਦੇ ਰਹਿਣਾ ਪਸੰਦ ਕਰਦੇ ਹਨ। ਪਰ ਦੁੱਗਲ ਸੈਰ ਸਮੇਂ ਵੀ ਆਪਣੇ ਆਪ ਵਿੱਚ ਹੀ ਮਗਨ ਰਹਿੰਦੇ। ਜ਼ਾਹਿਰ ਹੈ, ਸੈਰ ਦਾ ਸਮਾਂ ਵੀ ਉਹ ਸਾਹਿਤਕ ਚਿੰਤਨ-ਮੰਥਨ ਦੇ ਲੇਖੇ ਹੀ ਲਾਉਂਦੇ ਸਨ।

ਆਪਣੇ ਤੋਂ ਮਗਰਲੇ ਸਾਹਿਤਕਾਰਾਂ ਲਈ ਦੁੱਗਲ ਹਮੇਸ਼ਾਂ ਉਤਸ਼ਾਹ ਦਾ ਸੋਮਾ ਬਣੇ ਰਹੇ। 1963 ਵਿੱਚ ਮੈਂ 91 ਇਧਰਲੇ ਤੇ 10 ਪੱਛਮੀ ਪੰਜਾਬ ਦੇ ਕਵੀਆਂ ਦੀ ਇਕ-ਇਕ ਕਵਿਤਾ ਲੈ ਕੇ 'ਇਕੋਤਰ ਸੌ ਕਵੀ' ਨਾਂ ਦੀ ਪੁਸਤਕ ਸੰਪਾਦ ਕੀਤੀ ਜਿਸ ਨੂੰ ਨਵਯੁੱਗ ਨੇ ਪ੍ਰਕਾਸ਼ਿਤ ਕੀਤਾ। ਇਕੋ ਸਮੇਂ ਕਵਿਤਾ ਤੇ ਕਹਾਣੀ ਨਾਲ ਸਾਹਿਤਕ ਆਰੰਭ ਕਰਨ ਵਾਲੇ ਦੁੱਗਲ ਜੀ ਦੀਆਂ ਕਵਿਤਾਵਾਂ ਅਜੇ ਵੀ ਅਕਸਰ ਛਪਦੀਆਂ ਰਹਿੰਦੀਆਂ ਸਨ। ਉਹਨਾਂ ਦਾ ਬੁਲੰਦ ਰੁਤਬਾ ਤੇ ਮੇਰੀ ਸਾਹਿਤਕ ਹੈਸੀਅਤ ਅਜੇ 'ਕੋਈ ਨਾਉ ਨ ਜਾਣੈ ਮੇਰਾ' ਵਾਲੀ ! ਜਦੋਂ ਮੈਂ ਕਵੀਆਂ ਤੋਂ ਆਗਿਆ ਮੰਗੀ, ਮੋਹਨ ਸਿੰਘ ਤੇ ਦੁੱਗਲ ਦੀ ਸਹਿਮਤੀ ਸਭ ਤੋਂ ਪਹਿਲਾਂ ਪੁੱਜੀ। ਅੱਗੇ ਚੱਲ ਕੇ ਦੇਖਿਆ, ਨਵੇਂ ਲੇਖਕਾਂ ਲਈ ਉਹ ਆਪਣੀ ਮਿਹਰਬਾਨੀ ਉਹਨਾਂ ਦੀਆਂ ਪੁਸਤਕਾਂ ਬਾਰੇ ਪ੍ਰਸੰਸਾਤਮਕ ਸੁਰ ਵਿੱਚ ਲਿਖ ਕੇ ਵੀ ਪਰਗਟਾਉਂਦੇ। ਸੋਨੇ ਉੱਤੇ ਸੁਹਾਗਾ ਇਹ ਕਿ ਅਕਸਰ ਉਹ ਪੰਜਾਬੀ ਸਾਹਿਤ ਬਾਰੇ ਆਪਣੇ ਵਿਚਾਰ ਅੰਗਰੇਜ਼ੀ ਅਖ਼ਬਾਰਾਂ ਰਾਹੀਂ ਵਡੇਰੇ ਪਾਠਕ ਵਰਗ ਤੱਕ ਪੁਜਦੇ ਕਰਦੇ ਸਨ।

ਪਹਿਲੀ ਵਾਰ ਮੈਂ ਆਪਣੇ ਮਿੱਤਰ ਰਾਮ ਸਰੂਪ ਅਣਖੀ ਨਾਲ ਉਹਨਾਂ ਨੂੰ ਨੈਸ਼ਨਲ ਬੁੱਕ ਟਰੱਸਟ ਵਾਲੇ ਉਹਨਾਂ ਦੇ ਦਫ਼ਤਰ ਵਿੱਚ ਮਿਲਿਆ ਸੀ। ਟਰੱਸਟ ਦਾ ਦਫ਼ਤਰ ਉਸ ਸਮੇਂ ਕਿਤੇ ਹਮਾਯੂੰ ਦੇ ਮਕਬਰੇ ਦੇ ਨੇੜੇ-ਤੇੜੇ ਸੀ। ਅਣਖੀ ਉਹਨਾਂ ਨੂੰ ਆਪਣਾ ਨਵਾਂ ਕਹਾਣੀ-ਸੰਗ੍ਰਹਿ ਭੇਟ ਕਰਨਾ ਚਾਹੁੰਦਾ ਸੀ। ਸਾਨੂੰ ਪਹਿਲੀ ਵਾਰ ਮਿਲੇ ਨਵੇਂ ਲੇਖਕ ਜਾਣ ਕੇ ਛੇਤੀ ਹੀ ਭੇਜ ਦੇਣ ਦੇ ਇਰਾਦੇ ਨਾਲ ਸਥਾਪਤ ਲੇਖਕਾਂ ਵਾਲਾ ਕੋਈ ਵੀ ਦਫ਼ਤਰੀ ਰੁਝੇਵਾਂ, ਕਾਹਲ ਜਾਂ ਅੱਚਵੀ ਦਿਖਾਉਣ ਦੀ ਥਾਂ ਉਹ ਕਿੰਨਾ ਹੀ ਚਿਰ ਗੱਲਾਂ ਕਰਦੇ ਰਹੇ ਜੋ ਸਾਡੇ ਲਈ ਵਡਮੁੱਲੀਆਂ ਤੇ ਰਾਹ-ਦਿਖਾਵੀਆਂ ਸਨ।

ਮਗਰੋਂ ਦੇ ਲੰਮੇ ਵਾਹ ਨੇ ਦੁੱਗਲ ਦਾ ਮਿਹਰਬਾਨ ਸੁਭਾਅ ਵਾਰ ਵਾਰ ਉਜਾਗਰ ਕੀਤਾ। 1985 ਦੀ ਗੱਲ ਹੈ। ਭਾਪਾ ਪ੍ਰੀਤਮ ਸਿੰਘ ਜੀ ਨਵਯੁਗ ਨੇ ਉਹਨਾਂ ਤੋਂ ਪੁੱਛਿਆ ਕਿ ਰਸਾਲੇ ਵਿੱਚ ਛਾਪਣ ਦੇ ਮਕਸਦ ਨਾਲ ਆਪਣੀ ਵਡ-ਆਕਾਰੀ ਸਵੈਜੀਵਨੀ 'ਕਿਸੁ ਪਹਿ ਖੋਲਉ ਗੰਠੜੀ' ਬਾਰੇ ਗੱਲਬਾਤ ਉਹ ਕਿਸ ਲੇਖਕ ਨਾਲ ਕਰਨੀ ਚਾਹੁਣਗੇ ਤਾਂ ਉਹਨਾਂ ਨੇ ਮੇਰਾ ਨਾਂ ਲਿਆ। ਮੇਰੀ ਹੈਰਾਨੀ ਸੁਭਾਵਿਕ ਸੀ। ਉਹਨਾਂ ਨੂੰ ਮਿਲ ਕੇ ਪਤਾ ਲੱਗਿਆ, ਮੇਰੀਆਂ ਕੁਝ ਲੇਖਕਾਂ ਨਾਲ ਕੀਤੀਆਂ ਮੁਲਾਕਾਤਾਂ ਉਹਨਾਂ ਦੀ ਪਾਰਖੂ ਨਜ਼ਰੋਂ ਲੰਘੀਆਂ ਸਨ। ਗੱਲਬਾਤ ਪ੍ਰਕਾਸ਼ਿਤ ਹੋਈ ਤਾਂ ਮੈਂ ਉਹਨਾਂ ਦਾ ਪ੍ਰਤਿਕਰਮ ਜਾਨਣ ਲਈ ਚਿੱਠੀ ਲਿਖੀ। ਉਹਨਾਂ ਦਾ ਉੱਤਰ ਮੇਰੇ ਲਈ ਇਕ ਵੱਡਾ ਪੁਰਸਕਾਰ ਸੀ : "ਭੁੱਲਰ ਜੀ, ਤੁਸਾਂ ਦੀ ਮੇਰੇ ਨਾਲ ਕੀਤੀ ਗੱਲਬਾਤ ਆਦਿ ਤੋਂ ਅੰਤ ਤੱਕ ਇਕ ਨਗ਼ਮਾ ਹੈ।"

ਮੈਂ ਇਕ ਤ੍ਰੈਮਾਸਕ ਵਿੱਚ 'ਪੰਜਾਬੀ ਕਹਾਣੀ ਯਾਤਰਾ' ਦੇ ਨਾਂ ਹੇਠ ਇਕ ਕਾਲਮ ਸ਼ੁਰੂ ਕੀਤਾ। ਇਸ ਵਿੱਚ ਹਰ ਵਾਰ ਮੋਢੀਆਂ ਤੋਂ ਸ਼ੁਰੂ ਕਰ ਕੇ ਕਿਸੇ ਕਹਾਣੀਕਾਰ ਦੀ ਇਕ ਕਹਾਣੀ ਦੀ ਨਿਰਖ-ਪਰਖ ਬਹੁਤ ਸਰਲ ਸ਼ਬਦਾਂ ਵਿੱਚ ਕੀਤੀ ਜਾਂਦੀ ਸੀ। ਮੈਂ ਦੁੱਗਲ ਜੀ ਦੀ ਕਹਾਣੀ 'ਚਾਨਣੀ ਰਾਤ ਦਾ ਇਕ ਦੁਖਾਂਤ' ਚੁਣੀ। ਇਸ ਵਾਰ ਵੀ ਉਹਨਾਂ ਨੇ ਮੇਰੀ ਵਿਧੀ ਤੇ ਸ਼ੈਲੀ ਦੀ ਭਰਪੂਰ ਵਡਿਆਈ ਕੀਤੀ ਅਤੇ ਕਿਹਾ, "ਤੁਹਾਡਾ ਲਿਖਿਆ ਪੜ੍ਹਦਿਆਂ ਮੈਨੂੰ ਆਪਣੀ ਇਹ ਕਹਾਣੀ ਪੜ੍ਹਨ ਜਿੰਨਾ ਹੀ ਸੁਆਦ ਆਇਆ।" ਉਹਨਾਂ ਨੇ ਇਹ ਵੀ ਲਿਖਿਆ ਕਿ ਕਹਾਣੀ ਨੂੰ ਸਮਝਣ ਦਾ ਤੇ ਹੋਰਾਂ ਨੂੰ ਸਮਝਾਉਣ ਦਾ ਤਰੀਕਾ ਅਜਿਹਾ ਹੀ ਸਰਲ ਅਤੇ ਆਮ-ਫ਼ਹਿਮ ਹੋਣਾ ਚਾਹੀਦਾ ਹੈ।

ਦੁੱਗਲ ਆਪਣੇ ਸਮਕਾਲੀ ਕਹਾਣੀਕਾਰਾਂ ਤੋਂ ਕਈ ਗੱਲਾਂ ਵਿੱਚ ਵੱਖਰੇ ਸਨ। ਸ਼ਾਇਦ ਇਸੇ ਕਰਕੇ ਆਪਣੇ ਲਈ ਕਹਾਣੀਕਾਰ ਵਜੋਂ ਉਹ ਕੁਛ ਹਟਵਾਂ, ਕੁਛ ਨਵੇਕਲਾ, ਕੁਛ ਉੱਚਾ ਸਥਾਨ ਬਣਾ ਸਕੇ। ਇਕ ਤਾਂ

ਜਦੋਂ ਲਗਭਗ ਸਾਰੇ ਹੀ ਗਲਪਕਾਰ ਪਿੰਡਾਂ ਦੇ ਲੋਕਾਂ ਬਾਰੇ ਜਾਂ ਛੋਟੇ ਸ਼ਹਿਰਾਂ ਤੇ ਨਗਰਾਂ ਦੇ ਸਾਧਾਰਨ ਜਾਂ ਹੇਠਲੇ ਲੋਕਾਂ ਬਾਰੇ ਲਿਖ ਰਹੇ ਸਨ, ਦੁੱਗਲ ਨੇ ਆਪਣੀ ਕਲਮ ਲਈ ਇਕ ਵੱਖਰਾ ਸੰਸਾਰ ਚੁਣਿਆ। ਇਹ ਸੀ ਸ਼ਹਿਰੀ ਮੱਧਵਰਗ ਤੇ ਉੱਚ-ਮੱਧਵਰਗ ਦਾ ਬਿਲਕੁਲ ਵੱਖਰੇ ਭਾਂਤ ਦਾ ਅਤਰ-ਫੁਲੇਲੀ ਜੀਵਨ, ਜਿਸ ਦੀਆਂ ਭੁੱਖਾਂ, ਤ੍ਰਿਸ਼ਨਾਵਾਂ, ਰੀਝਾਂ, ਉਮੰਗਾਂ, ਕਲੋਲਾਂ, ਤ੍ਰਿਪਤੀਆਂ, ਤੋਟਾਂ ਤੇ ਪੀੜਾਂ ਵੱਖਰੀਆਂ ਸਨ ਅਤੇ ਜਿਸ ਤੋਂ ਉਸ ਸਮੇਂ ਦਾ ਬਹੁਤਾ ਪੰਜਾਬੀ ਪਾਠਕ ਵਰਗ ਅਸਲੋਂ ਹੀ ਨਾਵਾਕਫ਼ ਸੀ।

ਦੂਜੇ, ਉਹਨਾਂ ਨੇ ਕਲਾ ਵਿੱਚ ਮਾਧਿਅਮ ਦਾ ਮਹੱਤਵ ਪਛਾਣਦਿਆਂ ਭਾਸ਼ਾ ਦੀ ਵਰਤੋਂ ਵਿੱਚ ਇਕ ਅਲੋਕਾਰਤਾ ਲਿਆਂਦੀ। ਉਹ ਸਾਧਾਰਨ ਸ਼ਬਦਾਂ ਨੂੰ ਇਉਂ ਸੁਰਬੱਧ ਕਰਦੇ ਕਿ ਪਾਠਕ ਰਸ-ਰੰਗ ਦੇ ਸੰਸਾਰ ਵਿੱਚ ਪਹੁੰਚ ਜਾਂਦਾ। ਉਹ ਆਪਣੀ ਰਚਨਾ ਵਿੱਚ ਬਹੁਤੇ ਪਾਠਕਾਂ ਨੂੰ ਨਵੇਂ-ਨਵੇਕਲੇ ਜਾਪਦੇ ਪੋਠੋਹਾਰੀ ਸ਼ਬਦਾਂ ਦਾ ਛਿੱਟਾ ਵੀ ਦੇਈ ਜਾਂਦੇ। ਉਹ ਆਮ ਵਰਤੀਂਦੇ ਸ਼ਬਦਾਂ ਨੂੰ ਬਣਾ-ਸੰਵਾਰ ਕੇ, ਸਜਾ ਕੇ, ਕਈ ਵਾਰ ਥੋੜ੍ਹਾ ਜਿਹਾ ਵੱਖਰਾ ਉਚਾਰਨ ਦੇ ਕੇ ਅਨੋਖੀ ਹੀ ਛੱਬ ਦੇ ਦਿੰਦੇ।

ਦੁੱਗਲ ਦੀ ਸਮੁੱਚੀ ਰਚਨਾ ਦਾ ਆਕਾਰ ਅਤੇ ਉਹਦੀ ਵੰਨ-ਸੁਵੰਨਤਾ ਦੇਖ ਕੇ ਵਿਅਕਤੀ ਦੰਗ ਰਹਿ ਜਾਂਦਾ ਹੈ ! ਸ਼ਾਇਦ ਉਹਨਾਂ ਦੀ ਕਲਮ ਦੇ ਸਿਰਜੇ ਸ਼ਬਦ-ਸੰਸਾਰ ਦਾ ਆਕਾਰ ਹੋਰ ਹਰੇਕ ਭਾਰਤੀ ਲੇਖਕ ਦੇ ਮੁਕਾਬਲੇ ਵੱਡਾ ਹੋਵੇ ! ਸਾਰੀਆਂ ਭਾਰਤੀ ਭਾਸ਼ਾਵਾਂ ਦੇ ਸਾਹਿਤ ਤੇ ਸਾਹਿਤਕਾਰਾਂ ਦੀ ਨੇੜਲੀ ਜਾਣਕਾਰੀ ਰੱਖਣ ਵਾਲੇ ਖ਼ੁਸ਼ਵੰਤ ਸਿੰਘ ਵੀ ਦੁੱਗਲ ਦੀ ਸਮੁੱਚੀ ਰਚਨਾ ਬਾਰੇ ਕਹਿੰਦੇ ਹਨ, “ਮੈਨੂੰ ਨਹੀਂ ਲੱਗਦਾ, ਕੋਈ ਵੀ ਹੋਰ ਭਾਰਤੀ ਲੇਖਕ ਉਸ ਦੇ ਰਿਕਾਰਡ ਦੀ ਬਰਾਬਰੀ ਕਰ ਸਕਿਆ ਹੈ !”

1942 ਵਿੱਚ ਪਹਿਲੇ ਰੇਡੀਓ ਨਾਟਕ ਸੰਗ੍ਰਹਿ ‘ਔਹ ਗਏ ਸਾਜਨ’ ਤੋਂ ਆਰੰਭ ਕਰ ਕੇ ਉਹਨਾਂ ਨੇ ਰੇਡੀਓ ਨਾਟਕਾਂ, ਇਕਾਂਗੀ ਨਾਟਕਾਂ ਤੇ ਪੂਰੇ ਨਾਟਕਾਂ ਦੀਆਂ ਇਕ ਦਰਜਨ ਦੇ ਕਰੀਬ ਪੁਸਤਕਾਂ ਦਿੱਤੀਆਂ। ਇਹ ਸਾਰੇ ਨਾਟਕ 1998 ਵਿੱਚ ਦੋ ਜਿਲਦਾਂ ਵਿੱਚ ‘ਦੁੱਗਲ ਦੇ ਨਾਟਕ’ ਨਾਂ ਹੇਠ ਛਪੇ। 1948 ਵਿੱਚ ਪਹਿਲੇ ਨਾਵਲ ‘ਆਂਦਰਾਂ’ ਨਾਲ ਹੋਈ ਸ਼ੁਰੂਆਤ ਉਹਨਾਂ ਦੇ ਨਾਵਲਾਂ ਦੀ ਗਿਣਤੀ ਨੂੰ ਵੀ ਦਰਜਨ ਤੋਂ ਪਾਰ ਲੈ ਗਈ। ਉਹਨਾਂ ਵਿੱਚੋਂ ‘ਨਾਨਕ ਨਾਮ ਚੜ੍ਹਦੀ ਕਲਾ’, ‘ਤੇਰੇ ਭਾਣੇ’ ਅਤੇ ‘ਸਰਬੱਤ ਦਾ ਭਲਾ’ ਨਾਵਲਾਂ ਦੀ ਤ੍ਰੈਲੜੀ ਕਾਫ਼ੀ ਚਰਚਿਤ ਹੋਈ ਜਿਸ ਦੇ ਪੰਨੇ ਦੋ ਹਜ਼ਾਰ ਦੇ ਕਰੀਬ ਬਣ ਜਾਂਦੇ ਹਨ। ਉਹਨਾਂ ਨੇ ਹੋਰ ਹਰੇਕ ਪੰਜਾਬੀ ਕਹਾਣੀਕਾਰ ਤੋਂ ਵੱਧ, ਪੰਜ ਸੌ ਤੋਂ ਵਧੀਕ ਕਹਾਣੀਆਂ ਲਿਖੀਆਂ। 1985 ਵਿੱਚ ਨਵਯੁੱਗ ਨੇ ਜਦੋਂ ਉਹਨਾਂ ਦੇ ਉਸ ਸਮੇਂ ਤੱਕ ਦੇ ਵੀਹ ਸੰਗ੍ਰਹਿਆਂ ਨੂੰ ਚਾਰ ਚਾਰ ਪੁਸਤਕਾਂ ਜੋੜ ਕੇ ਕੁੱਲ ਕੋਈ ਤਿੰਨ ਹਜ਼ਾਰ ਪੰਨੇ ਦੀਆਂ ਪੰਜ ਖ਼ੂਬਸੂਰਤ ਸੈਂਚੀਆਂ ਵਿੱਚ ਪ੍ਰਕਾਸ਼ਿਤ ਕੀਤਾ, ਉਹਨਾਂ ਵਿੱਚ 465 ਕਹਾਣੀਆਂ ਤੇ ਦੋ ਲੰਮੀਆਂ ਕਹਾਣੀਆਂ ਸ਼ਾਮਲ ਸਨ। ਮਗਰੋਂ ਦੇ ਚਾਰ ਕਹਾਣੀ-ਸੰਗ੍ਰਹਿ ਇਹਨਾਂ ਤੋਂ ਵੱਖਰੇ ਹਨ।

ਉਹਨਾਂ ਦੀਆਂ ਫੁਟਕਲ ਪੰਜਾਬੀ ਪੁਸਤਕਾਂ ਦੀ ਗਿਣਤੀ ਵੀ ਵੀਹ ਦੇ ਨੇੜੇ ਜਾ ਪੁਜਦੀ ਹੈ। ਉਹਨਾਂ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ, ਉਰਦੂ ਤੇ ਹਿੰਦੀ ਵਿੱਚ ਮੌਲਕ ਵੀ ਲਿਖਿਆ ਅਤੇ ਇਨ੍ਹਾਂ ਭਾਸ਼ਾਵਾਂ ਵਿੱਚੋਂ ਇਕ ਤੋਂ ਦੂਜੀ ਵਿੱਚ ਹੋਰਾਂ ਵੱਲੋਂ ਕੀਤੇ ਗਏ ਅਨੁਵਾਦ ਤੋਂ ਇਲਾਵਾ, ਆਪਣੀਆਂ ਕਈ ਰਚਨਾਵਾਂ ਦਾ ਅਨੁਵਾਦ ਆਪ ਵੀ ਕੀਤਾ। ਉਹ ਕਈ ਦੇਸੀ-ਪਰਦੇਸੀ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਅਨੁਵਾਦ ਹੋ ਕੇ ਪਹੁੰਚੇ। ਅੰਗਰੇਜ਼ੀ ਵਿੱਚ ਤਾਂ ਉਹਨਾਂ ਨੇ ਪੰਜਾਬ, ਪੰਜਾਬੀ ਸਾਹਿਤ, ਪੰਜਾਬੀ ਸਾਹਿਤਕਾਰਾਂ ਤੇ ਹੋਰ ਸ਼ਖ਼ਸੀਅਤਾਂ, ਸਿੱਖ ਧਰਮ, ਗੁਰਬਾਣੀ, ਆਦਿ ਬਾਰੇ ਅਨੇਕ ਮੌਲਕ ਪੁਸਤਕਾਂ ਲਿਖੀਆਂ ਜਿਨ੍ਹਾਂ ਵਿੱਚ ਕਈ ਬਾਣੀਆਂ ਦੇ ਅਨੁਵਾਦ ਵੀ ਸ਼ਾਮਲ ਸਨ। ਇਸ ਖੇਤਰ ਵਿੱਚ ਉਹਨਾਂ ਦਾ ਸਭ ਤੋਂ ਵੱਡਾ ਤੇ ਵਰਨਣਜੋਗ ਉੱਦਮ 2004 ਵਿੱਚ ਛਪਿਆ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਚਾਰ ਸੈਂਚੀਆਂ ਵਿੱਚ ਅੰਗਰੇਜ਼ੀ ਕਵਿਤਾ ਵਿੱਚ ਅਨੁਵਾਦ ਹੈ। ਬਿਰਧ ਉਮਰ ਵਿੱਚ ਉਹਨਾਂ ਦੀ ਇਹ ਘਾਲਣਾ ਦੇਖ ਕੇ ਲੋਕਾਂ ਦਾ ਦੰਗ ਰਹਿਣਾ ਸੁਭਾਵਿਕ ਸੀ।

ਸਾਹਿਤਕ ਪੁਰਸਕਾਰਾਂ ਤੋਂ ਇਲਾਵਾ ਉਹਨਾਂ ਨੂੰ 1988 ਵਿੱਚ ਰਾਸ਼ਟਰਪਤੀ ਨੇ ‘ਪਦਮ ਭੂਸ਼ਨ’ ਨਾਲ ਸਤਿਕਾਰਿਆ। ਪੰਜਾਬੀ ਯੂਨੀਵਰਸਿਟੀ ਨੇ 1984 ਵਿੱਚ ਫ਼ੈਲੋਸ਼ਿਪ ਤੇ 1996 ਵਿੱਚ ਡੀ.ਲਿਟ. ਦੀ ਡਿਗਰੀ ਦਿੱਤੀ। 1997 ਵਿੱਚ ਭਾਰਤ ਸਰਕਾਰ ਨੇ ਉਹਨਾਂ ਨੂੰ ਰਾਜਸਭਾ ਦਾ ਮੈਂਬਰ ਬਣਾਇਆ। ਰਾਜਸਭਾ ਦੇ ਮੈਂਬਰ ਵਜੋਂ ਜਨਤਕ ਕਾਰਜਾਂ ਲਈ ਮਿਲਣ ਵਾਲਾ ਦੋ ਕਰੋੜ ਰੁਪਏ ਦਾ ਸਲਾਨਾ ਫ਼ੰਡ ਉਹਨਾਂ ਨੇ ਅੰਮ੍ਰਿਤਸਰ, ਜਲੰਧਰ ਅਤੇ ਕਪੂਰਥਲਾ ਵਿੱਚ ਸਾਹਿਤਕ-ਸੱਭਿਆਚਾਰਕ ਸਰਗਰਮੀਆਂ ਦੇ ਕੇਂਦਰਾਂ ਵਜੋਂ ‘ਵਿਰਸਾ-ਵਿਹਾਰ’ ਉਸਾਰਨ ਦੇ ਲੇਖੇ ਲਾਇਆ। ਇਸੇ ਫ਼ੰਡ ਵਿੱਚੋਂ ਉਹਨਾਂ ਨੇ ਅੰਮ੍ਰਿਤਸਰ ਦੀ ‘ਐੱਸ. ਜੀ. ਠਾਕੁਰ ਸਿੰਘ ਆਰਟ ਗੈਲਰੀ’ ਦੇ ਆਡੀਟੋਰੀਅਮ ਲਈ ਸਹਾਇਤਾ ਦਿੱਤੀ।

*ਐੱਨ.ਡੀ. 50, ਪੀਤਮਪੁਰਾ, ਦਿੱਲੀ-34*

ਕਹਾਣੀ

# ਜਗਤ ਮਾਤਾ

ਮਨਮੋਹਨ ਕੌਰ

ਹਸਪਤਾਲ ਵਿੱਚ ਬੈੱਡ 'ਤੇ ਪਏ ਤਾਈ ਜੀ ਆਪਣੀ ਜ਼ਿੰਦਗੀ ਦੀਆਂ ਅੰਤਿਮ ਘੜੀਆਂ ਗਿਣ ਰਹੇ ਸਨ। ਬਚਪਨ ਤੋਂ ਹੁਣ ਤੱਕ ਹੋਸ਼ ਸੰਭਾਲਣ ਤੋਂ ਬਾਅਦ ਮੈਂ ਹਮੇਸ਼ਾਂ ਉਨ੍ਹਾਂ ਨੂੰ ਕੰਮ ਕਰਦਿਆਂ ਦੇਖਿਆ ਸੀ। ਹੋਠਾਂ ਤੇ ਵਾਹਿਗੁਰੂ ਜਾਂ ਸੁਖਮਨੀ ਸਾਹਿਬ ਦੇ ਪਾਠ ਦੀ ਟੇਪ ਚਲਦਿਆਂ ਹੀ ਦੇਖਿਆ ਸੀ, ਹਮੇਸ਼ਾਂ ਹੋਠ ਹਿਲਦੇ ਰਹਿੰਦੇ ਸਨ, ਸਿਰਫ਼ ਉਹ ਸਿਮਰਨ ਵਿੱਚ ਜੁੜੇ ਰਹਿੰਦੇ ਤੇ ਹੁਣ ਵੀ ਉਹ ਦੋ ਦਿਨਾਂ ਤੋਂ ਬੇਸੁਰਤੀ ਦੀ ਹਾਲਤ ਵਿੱਚ ਸਨ, ਪਰ ਉਨ੍ਹਾਂ ਦੇ ਹੱਥ ਦੀਆਂ ਉਂਗਲਾਂ ਇਸ ਤਰ੍ਹਾਂ ਚੱਲ ਰਹੀਆਂ ਸਨ ਜਿਵੇਂ ਉਹ ਮਾਲਾ ਤੇ ਹੀ ਸਿਮਰਨ ਕਰ ਰਹੇ ਹੋਣ। ਉਨ੍ਹਾਂ ਕੋਲ ਬੈਠਿਆਂ ਮੇਰਾ ਮਨ ਅਤੀਤ ਦੀਆਂ ਪੌੜੀਆਂ ਚੜ੍ਹਨ-ਉਤਰਨ ਲੱਗਾ।

ਤਾਇਆ ਜੀ ਦੀ ਮੌਤ ਤੋਂ ਬਾਅਦ, ਉਹ ਮੇਰੇ ਕੋਲ ਰਹਿਣ ਲਈ ਆ ਗਏ ਸਨ, ਕਿਉਂਕਿ ਉਨ੍ਹਾਂ ਦੀ ਕੁੱਖੋਂ ਹੋਏ ਦੋ ਮੁੰਡੇ ਅਤੇ ਦੋ ਕੁੜੀਆਂ ਅੱਠ-ਅੱਠ ਮਹੀਨੇ ਦੀ ਆਯੂ ਤੋਂ ਜ਼ਿਆਦਾ ਭੋਗ ਨਹੀਂ ਪਾਏ ਸਨ। ਬਸ ਉਲਟੀਆਂ ਦਸਤ ਲੱਗਣ ਨਾਲ ਬੱਚੇ ਖ਼ਤਮ ਹੋ ਜਾਂਦੇ ਸਨ। ਪਰ ਆਪਣੇ ਬੱਚਿਆਂ ਦੀ ਮੌਤ ਦੇ ਗ਼ਮ ਨੂੰ ਭੁਲਾ ਕੇ ਸਾਨੂੰ ਚਾਰੋਂ ਭੈਣਾਂ-ਭਰਾਵਾਂ ਨੂੰ ਆਪਣੇ ਬੱਚਿਆਂ ਤੋਂ ਵੱਧ ਮੋਹ-ਪਿਆਰ ਦਿੱਤਾ।

ਮੇਰਾ ਪੇਕਾ ਪਰਿਵਾਰ ਇਕ ਸੰਯੁਕਤ ਪਰਿਵਾਰ ਦਾ ਉਦਾਹਰਣ ਸੀ। ਸੱਸ, ਸਹੁਰਾ ਅਤੇ ਇਕ ਜੇਠ ਜੇਠਾਣੀ ਅਤੇ ਦੋਵੇਂ ਦੇਵਰ ਅਤੇ ਦਰਾਣੀਆਂ ਦੇ ਪਰਿਵਾਰਾਂ ਵਿੱਚ ਇਕ ਕੜੀ ਦੇ ਰੂਪ ਵਿੱਚ ਕੰਮ ਕਰਦੇ ਸਨ। ਇਕ ਫਿਰਕੀ ਵਾਂਗੂੰ ਖਿੜੇ ਮੱਥੇ/ਘਰ ਦਾ ਕੰਮ ਕਾਰ ਕਰਦੇ ਰਹਿੰਦੇ। ਘਰ ਦੇ ਅੰਦਰ-ਬਾਹਰ ਦੇ ਸਾਰੇ ਕੰਮ ਉਨ੍ਹਾਂ ਨੇ ਸੰਭਾਲੇ ਹੋਏ ਸਨ। ਤਾਇਆ ਜੀ ਅਰਜ਼ੀ-ਨਵੀਸ ਸਨ। ਕਚਹਿਰੀ ਦੇ ਬਾਹਰ ਕੁਰਸੀ ਮੇਜ਼ ਵਿਛਾ ਕੇ ਉਹ ਟਾਈਪ ਕਰਦੇ ਅਤੇ ਨਾਲ ਹੀ ਉੱਥੇ ਉਨ੍ਹਾਂ ਨੇ ਛੋਟੀ ਜਿਹੀ ਛਬੀਲ ਵੀ ਲਗਾਈ ਹੋਈ ਸੀ, ਜਿੱਥੇ ਉਨ੍ਹਾਂ ਨੇ ਜਨਤਾ ਲਈ ਠੰਡਾ ਪਾਣੀ ਪੀਣ ਦਾ ਪ੍ਰਬੰਧ ਕੀਤਾ ਹੋਇਆ ਸੀ। ਹੈਂਡ ਪੰਪ ਦੇ ਨਾਲ, ਪੰਜ-ਛੇ ਵੱਡੇ-ਵੱਡੇ ਮਟਕੇ ਰੱਖੇ ਹੋਏ ਸਨ ਜਿੱਥੇ ਦਿਨ-ਰਾਤ ਠੰਡਾ ਪਾਣੀ ਚਲਦਾ ਰਹਿੰਦਾ। ਗਰਮੀਆਂ ਵਿੱਚ ਰੋਜ਼ 40 ਕਿਲੋ ਬਰਫ਼ ਮੰਗਵਾਉਂਦੇ, ਜਿਸ ਨੂੰ ਇਕ ਟੱਬ ਵਿੱਚ ਪਾ ਕੇ ਪਾਣੀ ਪਿਲਾਉਂਦੇ। ਇਸ ਕੰਮ ਦੇ ਲਈ ਉਨ੍ਹਾਂ ਨੇ ਇਕ ਮੁੰਡੂ ਰੱਖਿਆ ਹੋਇਆ ਸੀ ਜੋ ਸਾਰਾ ਦਿਨ ਜਨਤਾ ਨੂੰ ਪਾਣੀ ਪਿਲਾਉਂਦਾ। ਇਸ ਤਰ੍ਹਾਂ ਦੋਵੇਂ ਜੀਅ ਪ੍ਰਮਾਤਮਾ ਨਾਲ ਜੁੜੇ ਹੋਏ ਸਨ।

ਤਾਈ ਜੀ ਸਵੇਰੇ ਹੀ ਤਾਏ ਨੂੰ ਰੋਟੀ-ਟੁੱਕਰ ਦੇ ਉਨ੍ਹਾਂ ਨੂੰ ਕੰਮ ਕਾਰ ਤੇ ਤੋਰ ਕੇ ਆਪਣੇ ਕਮਰੇ ਦੀ ਸਾਫ਼-ਸਫ਼ਾਈ ਕਰਦੇ, ਭਾਂਡੇ ਮਾਂਜ ਰਸੋਈ ਸਾਂਭ ਕੇ ਬਸ ਆਪਣੇ ਕੰਮਾਂ ਤੋਂ ਵਿਹਲੇ ਹੋ ਕੇ ਸਾਰਿਆਂ ਨਾਲ ਮਦਦ ਕਰਨ ਲਈ ਹਾਜ਼ਰ ਹੋ ਜਾਂਦੇ ਸਨ।

ਮੈਨੂੰ ਸਕੂਲ ਦਾਖ਼ਲ ਕਰਨ ਤੋਂ ਲੈ ਕੇ ਡੋਲੀ ਤੋਰਨ ਤੱਕ ਤਾਈ ਜੀ ਮੇਰੇ ਨਾਲ ਪਰਛਾਈ ਵਾਂਗੂੰ ਰਹੇ। ਕਲਮ ਪਕੜ ਕੇ ਊੜਾ-ਐੜਾ ਲਿਖਣਾ ਤਾਈ ਜੀ ਨੇ ਹੀ ਸਿਖਾਇਆ। ਰਸੋਈ ਦਾ ਕੰਮ, ਸਿਲਾਈ ਕਢਾਈ ਦੀ ਜਾਚ ਵੀ ਤਾਈ ਜੀ ਨੇ ਹੀ ਸਿਖਾਈ। ਦਿਨ ਤਾਈ ਜੀ ਦੀ ਗੋਦ ਤੋਂ ਸ਼ੁਰੂ ਹੁੰਦਾ ਅਤੇ ਰਾਤ ਤਾਈ ਦੇ ਬਿਸਤਰ ਵਿੱਚ ਖ਼ਤਮ ਹੁੰਦੀ ਸੀ। ਵੱਡਾ ਵੀਰ ਅਤੇ ਮੈਂ ਤਾਈ ਦੇ ਆਸੇ-ਪਾਸੇ ਅਤੇ ਛੋਟੀ ਭੈਣ ਉਨ੍ਹਾਂ ਦੇ ਪੇਟ ਤੇ ਸੌਂਦੀ। ਬਿਸਤਰ ਵਿੱਚ ਪਿਆ ਤਾਈ ਗੁਰੂਆਂ ਦੀਆਂ ਸਾਖੀਆਂ ਜਾਂ ਕਿਸੇ ਭਗਤ ਦੀ ਜਾਂ ਫਿਰ ਕਿਸੇ ਪਰੀ ਲੋਕ ਦੀਆਂ ਕਥਾਵਾਂ ਕਹਾਣੀਆਂ ਸੁਣਾਉਂਦੇ। ਸਾਨੂੰ ਨੁਹਾਉਣਾ, ਧੁਆਉਣਾ, ਸਕੂਲ ਵਿੱਚ ਗਰਮ ਖਾਣਾ ਪਹੁੰਚਾਉਣਾ, ਫੱਟੀ ਪੋਚਣੀ, ਸੁਕਾਉਣੀ, ਕਿਤਾਬਾਂ ਕਾਪੀਆਂ ਤੇ ਟਾਈਟਲ ਚੜ੍ਹਾਉਣੇ, ਨਵੇਂ ਕੱਪੜੇ ਸਿਊਣੇ ਪਿਰੋਣੇ ਅਤੇ ਪੁਆਉਣੇ ਤਾਈ ਦਾ ਹੀ ਕੰਮ ਸੀ। ਆਪਣੀ ਮਾਂ ਨੂੰ ਕੋਈ ਫ਼ਰਮਾਇਸ਼ ਕਰਨ ਤੋਂ ਭੈਅ ਤੇ ਝਿਜਕ ਮਹਿਸੂਸ ਕਰਦੇ ਸਾਂ ਪਰ ਤਾਈ ਕੋਲ ਝਟ ਫ਼ਰਮਾਇਸ਼ ਕਰ ਦਿੰਦੇ ਸਾਂ ਤੇ ਉਹ ਵੀ ਸਾਡੀ ਮੰਗ

ਪੂਰੀ ਕਰਨ ਵਿੱਚ ਦੇਰ ਨਹੀਂ ਲਗਾਉਂਦੇ ਸਨ, ਫੱਟ ਚੀਜ਼ ਹਾਜ਼ਰ ਕਰ ਦਿੰਦੇ ਸਨ।

ਜਦੋਂ ਮੈਂ ਤੀਜੀ ਵਿੱਚ ਪੜ੍ਹਦੀ ਸਾਂ ਤਾਂ ਮਾਂ ਨਜ਼ਦੀਕੀ ਰਿਸ਼ਤੇਦਾਰ ਦੇ ਵਿਆਹ ਵਿੱਚ ਰੁੱਝੀ ਹੋਈ ਸੀ। ਮੈਂ ਮਾਂ ਨਾਲ ਵਿਆਹ ਵਿੱਚ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਤਾਈ ਕੋਲ ਹੀ ਰਹਿ ਗਈ। ਸ਼ਾਮ ਨੂੰ ਛੱਤ ’ਤੇ ਸਹੇਲੀ ਨਾਲ ਪੀਚੋ ਖੇਡਦਿਆਂ ਗਿਰ ਗਈ ਸਾਂ ਤੇ ਸਿਰ ਦਿਮਾਗ਼ ਤੇ ਗਹਿਰੀ ਸੱਟ ਲੱਗੀ ਸੀ। ਖ਼ੂਨ ਬਾਹਰ ਨਾ ਵਗਣ ਕਰਕੇ, ਸਾਰੇ ਪਰਿਵਾਰ ਦੇ ਜੀਅ ਫ਼ਿਕਰਮੰਦ ਹੋ ਗਏ ਸਨ। ਉਲਟੀ ਹੋਣ ਕਾਰਨ ਡਾਕਟਰ ਨੇ ਹਸਪਤਾਲ ਐਡਮਿਟ ਕਰ ਲਿਆ। ਐਕਸਰੇ ਕਰਨ ਤੇ ਪਤਾ ਲੱਗਿਆ ਕਿ ਮੇਰੀ ਖੋਪਰੀ ਵਿੱਚ ਕਰੈਕ ਪੈ ਗਿਆ ਪਰ ਦਿਮਾਗ਼ ਸੁਰੱਖਿਅਤ ਹੈ। ਪੂਰਾ ਮਹੀਨਾ ਮੈਂ ਹਸਪਤਾਲ ਵਿੱਚ ਰਹੀ ਤਾਂ ਤਾਈ ਨੇ ਮੇਰੀ ਸੇਵਾ ਕੀਤੀ। ਮਾਂ ਕੋਲ ਨਿੱਕੀ ਭੈਣ ਗੋਦ ਵਿੱਚ ਸੀ, ਜਿਸ ਕਾਰਨ ਉਹ ਮੇਰੇ ਕੋਲ ਦੋ-ਤਿੰਨ ਘੰਟਿਆਂ ਤੋਂ ਜ਼ਿਆਦਾ ਨਹੀਂ ਠਹਿਰਦੇ ਸਨ। ਮੈਨੂੰ ਇੰਜੈਕਸ਼ਨ ਲੱਗਦੇ ਤਾਂ ਉਸ ਦੀ ਪੀੜ ਤਾਈ ਨੂੰ ਹੁੰਦੀ ਸੀ। ਉਨ੍ਹਾਂ ਦੀ ਸੇਵਾ ਅਤੇ ਸਿਮਰਨ ਨਾਲ ਮੈਨੂੰ ਨਵਾਂ ਜੀਵਨ ਮਿਲਿਆ।

ਬਚਪਨ ਵਿੱਚ ਤਾਈ ਸਾਡੇ ਨਾਲ ਬੱਚਾ ਬਣ ਕੇ ਗੁੱਡੀਆਂ-ਪਟੋਲੇ ਖੇਡਦੀ। ਜਦੋਂ ਮੈਂ ਜਵਾਨੀ ਵਿੱਚ ਪੈਰ ਰੱਖਿਆ ਤਾਂ ਉਹ ਸਖੀ ਬਣ ਗਈ ਸੀ। ਮੁਹੱਲੇ ਵਿੱਚ ਕੋਈ ਕੀਰਤਨ ਸਮਾਗਮ ਹੁੰਦਾ ਜਾਂ ਮੰਦਰ ਵਿੱਚ ਕੋਈ ਨਾਟਕ, ਰਾਸ ਲੀਲ੍ਹਾ ਜਾਂ ਰਾਮ ਲੀਲ੍ਹਾ, ਉਹ ਸਾਨੂੰ ਬੱਚਿਆਂ ਨੂੰ ਦਿਖਾਉਣ ਲਈ ਲੈ ਕੇ ਜਾਂਦੇ। ਇਸ ਨਾਲ ਜਿੱਥੇ ਸਾਡਾ ਮਨੋਰੰਜਨ ਹੁੰਦਾ, ਉੱਥੇ ਸਾਡੇ ਗਿਆਨ ਵਿੱਚ ਵੀ ਵਾਧਾ ਹੁੰਦਾ। ਪਿਕਚਰ ਹਾਲ ਵਿੱਚ ਸਾਡੇ ਨਾਲ ਬੈਠਦੇ ਤਾਂ ਕੁਰਸੀ ਤੇ ਚੌਕੜੀ ਮਾਰ ਕੇ ਸੁਖਮਨੀ ਸਾਹਿਬ ਦਾ ਪਾਠ ਮੂੰਹ ਵਿੱਚ ਕਰਦੇ ਰਹਿੰਦੇ ਸਨ।

ਤਾਈ ਜੀ ਸਾਡੇ ਲਈ ਇਕ ਢਾਲ ਦਾ ਕੰਮ ਕਰਦੇ ਸਨ। ਮਾਂ-ਪਿਉ ਦੇ ਗ਼ੁੱਸੇ ਤੋਂ ਬਚਾਈ ਰੱਖਦੇ ਸਨ। ਨਿੱਕੇ ਹੁੰਦਿਆਂ ਮੈਨੂੰ ਯਾਦ ਹੈ ਕਿ ਤਾਈ ਕਈ ਵਾਰੀ ਸਾਰੇ ਟੱਬਰ ਦੇ ਕੱਪੜੇ ਘਰ ਤੋਂ ਦੂਰ ਵਗਦੇ ਸੂਏ ਤੋਂ ਧੋ ਕੇ ਲਿਆਉਂਦੇ ਸਨ। ਕੱਪੜੇ ਧੋਣ ਜਾਣ ਵਕਤ ਘਰ ਦੇ ਸਾਰੇ ਬੱਚਿਆਂ ਨੂੰ ਨਾਲ ਲੈ ਜਾਂਦੇ ਸਨ ਤਾਂ ਕਿ ਘਰ ਕੋਈ ਇੱਲਤ ਕਰਨ ਨਾਲ ਮਾਂ ਤੋਂ ਮਾਰ ਨਾ ਖਾਣੀ ਪੈ ਜਾਏ। ਉਸ ਵਕਤ ਉਹ ਸਵੇਰ ਦੀਆਂ ਬਣੀਆਂ ਸੱਤ-ਅੱਠ ਤੰਦੂਰੀ ਰੋਟੀਆਂ, ਪੁਦੀਨੇ ਦੀ ਚਟਣੀ, ਅਚਾਰ, ਪਿਆਜ਼ ਅਤੇ ਲੂਣ-ਮਿਰਚ ਵੀ ਨਾਲ ਲੈ ਜਾਂਦੇ ਸਨ। ਨਹਿਰ ਤੋਂ ਸਾਰੇ ਕੱਪੜੇ ਧੋ ਫਿਰ ਘਾਹ ਉੱਤੇ ਸੁੱਕਣੇ ਪਾ ਦਿੰਦੇ ਸਨ। ਫਿਰ ਕੱਪੜੇ ਸੰਭਾਲਣ ਵਕਤ ਉਨ੍ਹਾਂ ਨੂੰ ਅੱਛੀ ਤਰ੍ਹਾਂ ਤਹਿ ਲਗਾ ਦਿੰਦੇ ਸਨ। ਫਟੇ ਉੱਧੜੇ ਕੱਪੜੇ ਨੂੰ ਬੋਝੇ ਵਿੱਚੋਂ ਸੂਈ ਧਾਗਾ ਕੱਢ ਸੀਅ ਪਰੋ ਦਿੰਦੇ ਅਤੇ ਥੀਗੜੀ (ਟਾਕੀ) ਲਗਾ ਦਿੰਦੇ ਸਨ। ਨਹਿਰ ਦੇ ਪਾਣੀ ਨਾਲ ਸਾਨੂੰ ਸਿਰ ਸਮੇਤ ਨੁਹਾ-ਧੁਆ ਕੇ, ਕੇਸ ਸੁਕਾ ਕੇ ਗੁੱਤਾਂ ਕਰ ਦਿੰਦੇ ਸਨ। ਤੰਦੂਰ ਦੀ ਰੋਟੀ ਆਪ ਖਾਂਦੇ ਅਤੇ ਸਾਨੂੰ ਵੀ ਖਾਣ ਨੂੰ ਦਿੰਦੇ। ਜੇ ਤਾਈ ਕੋਲ ਚਟਨੀ ਕੁੱਟੀ ਨਾ ਹੁੰਦੀ ਤਾਂ ਘਰੋਂ ਥੋੜ੍ਹਾ ਪੁਦੀਨਾ ਅਤੇ ਪਿਆਜ਼ ਲੈ ਆਉਂਦੇ ਸਨ ਜੋ ਪੱਥਰਾਂ ਤੇ ਰਗੜ ਕੇ ਚਟਨੀ ਬਣਾ ਸਾਨੂੰ ਖਾਣ ਨੂੰ ਦਿੰਦੇ ਸਨ।

ਇਕ ਦਿਨ ਇਵੇਂ ਹੀ ਕੱਪੜੇ ਧੋਂਦਿਆਂ ਵੀਰ ਦੇ ਦੋ ਦੋਸਤ ਆ ਰਲੇ। ਉਹ ਖੇਡ ਦਾ ਸਮਾਨ ਵੀ ਨਾਲ ਲੈ ਕੇ ਆਏ ਸਨ। ਉਹ ਇਕ ਲੰਮੇ ਪੱਥਰ ਨੂੰ ਹੀ ਵਿਕਟ ਬਣਾ ਬੈਟ ਨਾਲ ਖੇਡਣ ਲੱਗ ਗਏ ਅਤੇ ਫਿਰ ਸਾਡੇ ਨਾਲ ਰਲ ਕੇ ਰੋਟੀ ਖਾਧੀ।

ਤਾਈ ਦਾ ਪੇਕਿਆਂ ਦਾ ਨਾਮ ਕੇਸਰ ਕੌਰ ਸੀ, ਪਰ ਸਹੁਰੇ ਆ ਕੇ ਉਨ੍ਹਾਂ ਨੂੰ ਅੰਮ੍ਰਿਤ ਕੌਰ ਕਹਿ ਕੇ ਬੁਲਾਉਣ ਲੱਗੇ ਸਨ। ਦਾਦੀ ਦੱਸਦੀ ਸੀ ਕਿ ਤਾਈ ਦਾ ਪਿਉ ਬਹੁਤ ਅਮੀਰ ਸੀ। ਉਨ੍ਹਾਂ ਦਾ ਪੂਰਾ ਕੱਟੜਾ (ਬਜ਼ਾਰ) ਆਪਣਾ ਸੀ। ਜਿਸ ਵਿੱਚ ਸਾਰੀਆਂ ਬਜਾਜੀ ਦੀਆਂ ਦੁਕਾਨਾਂ ਸਨ। ਰਹਿਣ ਲਈ ਵੱਡੀ ਹਵੇਲੀ ਅਤੇ ਬਾਗ਼ ਸਨ ਪਰ ਉੱਥੇ ਵੱਸਣ ਵਾਲੇ ਲੋਕ ਸਾਦ-ਮੁਰਾਦੇ ਸਨ। ਧਨ ਦਾ ਅਭਿਮਾਨ ਨਹੀਂ ਸੀ। ਤਾਈ ਨੂੰ ਆਯੁਰਵੈਦਿਕ ਦਵਾਈ ਦਾ ਵੀ ਗਿਆਨ ਸੀ। ਤਾਈ ਵੱਲੋਂ ਕਿਸੇ ਲਈ ਕੀਤੀ ਅਰਦਾਸ ਪੂਰਨ ਹੁੰਦੀ ਸੀ। ਤਾਈ ਛੋਟੇ ਕੱਦ ਦੀ ਮਾਲਿਕ ਸੀ, ਪਰ ਤਾਈ ਦੇ ਬਹੁਤ ਸੋਹਣੇ ਰੇਸ਼ਮੀ ਵਾਲ ਸਨ, ਜਿਨ੍ਹਾਂ ਨੂੰ ਉਹ ਖੱਟੀ ਲੱਸੀ ਨਾਲ ਧੋਂਦੇ ਸਨ।

ਤਾਇਆ ਜੀ ਖਾਣ-ਪੀਣ ਦੇ ਬਹੁਤ ਸ਼ੌਕੀਨ ਸਨ। ਮੀਟ, ਤਲੀ ਚੀਜ਼ ਅਤੇ ਮਿੱਠਾ ਰੱਜ ਕੇ ਖਾਂਦੇ ਸਨ। ਪ੍ਰਹੇਜ਼ ਨਾ ਰੱਖਣ ਕਰਕੇ, ਵਾਧੂ ਖਾਣ ਕਰਕੇ ਉਨ੍ਹਾਂ ਨੂੰ ਸ਼ੂਗਰ ਦੀ ਬੀਮਾਰੀ ਹੋ ਗਈ ਸੀ, ਪਰ ਬੀਮਾਰ ਹੋਣ ਦੇ ਬਾਵਜੂਦ ਉਹ ਦਵਾਈ ਦੀ ਵਰਤੋਂ ਨਹੀਂ ਕਰਦੇ ਸਨ ਬਲਕਿ ਉਲਟ ਖਾਣ-ਪੀਣ ਲਈ ਮਿੱਠੇ ਦੀ ਪਰਹੇਜ਼ ਨਹੀਂ ਕਰਦੇ ਸਨ। ਉਸ ਦਾ ਸਿੱਟਾ ਇਹ ਨਿਕਲਿਆ ਕਿ ਸ਼ੂਗਰ ਉਨ੍ਹਾਂ ਦੀਆਂ ਅੱਖਾਂ ਤੇ ਪੈ ਗਈ, ਜਿਸ ਨਾਲ ਉਨ੍ਹਾਂ ਦੀਆਂ ਅੱਖਾਂ ਦੀ ਨਜ਼ਰ ਚਲੀ ਗਈ, ਜਿਸ ਕਾਰਨ ਉਹ ਹੁਣ ਟਾਈਪ ਨਹੀਂ

ਕਰ ਸਕਦੇ ਸਨ। ਪਰ ਤਾਈ ਜੀ ਦੇ ਮੱਥੇ ਤੇ ਸ਼ਿਕਨ ਨਹੀਂ ਉੱਭਰੀ। ਉਨ੍ਹਾਂ ਨੇ ਇਕ ਟਾਈਪਿਸਟ ਬਿਠਾ ਲਿਆ ਤੇ ਆਪ ਉੱਥੇ ਬਹਿ ਕੇ ਸੁਪਰਵੀਜ਼ਨ ਕਰਦੇ। ਇਸ ਤਰ੍ਹਾਂ ਬਹਾਦਰ ਜ਼ਨਾਨੀ ਬਣ ਕੇ ਘਰ ਦਾ ਦਾਲ-ਫੁਲਕਾ ਚਲਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਸਮੇਂ ਜਗ੍ਹਾ ਦੀ ਥੁੜ੍ਹ ਕਾਰਨ ਚਾਰੋਂ ਭਰਾ ਅਲੱਗ ਹੋ ਗਏ ਸਨ। ਪਰ ਤਾਈ ਨੇ ਹਿੰਮਤ ਨਾ ਹਾਰੀ। ਉਹ ਘਰ ਅਤੇ ਬਾਹਰ ਦਾ ਕੰਮ ਬਾਖ਼ੂਬੀ ਨਿਭਾਉਂਦੇ। ਇਸ ਸਮੇਂ ਮੇਰੀ ਵੀ ਸ਼ਾਦੀ ਹੋ ਚੁੱਕੀ ਸੀ। ਦੁਪਹਿਰ ਨੂੰ ਅਕਸਰ ਮੇਰੇ ਆਫ਼ਿਸ ਆ ਜਾਂਦੇ ਅਤੇ ਉਹ ਮੇਰੇ ਅਤੇ ਮੇਰੀ ਕੁਲੀਗ ਵਾਸਤੇ ਕੁਝ ਨਾ ਕੁਝ ਖਾਣ-ਪੀਣ ਲਈ ਲੈ ਕੇ ਆਉਂਦੇ। ਉਨ੍ਹਾਂ ਨੂੰ ਸਾਡੇ ਨਾਲ ਰੋਟੀ ਖਾਣਾ ਚੰਗਾ ਲੱਗਦਾ। ਮੇਰੀ ਕੁਲੀਗ ਨੂੰ ਉਨ੍ਹਾਂ ਦੀ ਬੋਲੀ ਅਤੇ ਸਾਦਾਪਣ ਬਹੁਤ ਅੱਛਾ ਲੱਗਦਾ।

ਪਾਪਾ ਜੀ ਦੀ ਅਚਾਨਕ ਮੌਤ ਤੇ ਤਾਇਆ ਜੀ ਨੂੰ ਬਹੁਤ ਹੀ ਸਦਮਾ ਪਹੁੰਚਿਆ ਸੀ। ਉਦੋਂ ਭਰਾ ਕੁਆਰਾ ਸੀ, ਉਨ੍ਹਾਂ ਨੇ ਮਾਂ ਨੂੰ ਹੌਂਸਲਾ ਦਿੱਤਾ ਕਿ ਮੈਂ ਜਿਊਂਦਾ ਹਾਂ, ਆਪਣੇ ਭਰਾ ਦੇ ਛੱਡੇ ਕੰਮਾਂ ਨੂੰ ਮੈਂ ਪੂਰਾ ਕਰਾਂਗਾ। ਪਰ ਅੰਦਰੋਂ ਉਨ੍ਹਾਂ ਨੇ ਪਾਪਾ ਜੀ ਦੇ ਸਦੀਵੀ ਵਿਛੋੜੇ ਦਾ ਗ਼ਮ ਸੀਨੇ ਵਿੱਚ ਪਾਲ ਲਿਆ ਸੀ। ਉਹ ਅਕਸਰ ਰੋਂਦੇ ਰਹਿੰਦੇ ਸਨ ਤੇ ਕਹਿੰਦੇ ਕਿ ਮੇਰਾ ਭਰਾ ਮਰਿਆ ਨਹੀਂ ਜਿਊਂਦਾ ਹੈ, ਉਸ ਨੂੰ ਉਠਾਓ। ਉਸ ਦੇ ਖਾਣ-ਪੀਣ ਦਾ ਟਾਈਮ ਹੋ ਗਿਆ ਹੈ ਅਤੇ ਫਿਰ ਜ਼ਾਰ-ਜ਼ਾਰ ਰੋਣ ਲੱਗ ਪੈਂਦੇ ਅਤੇ ਫਿਰ ਉਹ ਸਾਲ ਦੇ ਅੰਦਰ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਮਾਂ ਦੇ ਨਾਲ ਸਲਾਹ ਕਰਕੇ ਮੈਂ ਤਾਈ ਜੀ ਨੂੰ ਆਪਣੇ ਕੋਲ ਲੈ ਆਈ ਸੀ। ਇੱਥੇ ਆ ਕੇ ਉਨ੍ਹਾਂ ਨੇ ਮੇਰੀ ਪੂਰੀ ਗ੍ਰਹਿਸਥੀ ਸੰਭਾਲ ਲਈ। ਰਸੋਈ ਦਾ ਕੰਮ ਵੀ ਖ਼ੁਦ ਕਰਦੇ ਸਨ, ਮੇਰੇ ਦੋਵੇਂ ਬੱਚਿਆਂ ਨੂੰ ਵੀ ਸੰਭਾਲਦੇ, ਖਾਣ-ਪੀਣ ਨੂੰ ਦਿੰਦੇ, ਕਥਾ-ਵਾਰਤਾ ਸੁਣਾਉਂਦੇ। ਮੁਹੱਲੇ ਦੀਆਂ ਤੀਵੀਆਂ ਵੀ ਉਨ੍ਹਾਂ ਕੋਲ ਅਕਸਰ ਆਉਂਦੀਆਂ ਜਾਂਦੀਆਂ, ਦਵਾ-ਦਾਰੂ ਲੈਂਦੀਆਂ ਜਾਂ ਕਥਾ-ਵਾਰਤਾ ਸੁਣਦੀਆਂ। ਤਾਈ ਨੇ ਉਨ੍ਹਾਂ ਨੂੰ ਨਾਮ ਸਿਮਰਨ ਦੀ ਜਾਚ ਦੱਸ ਦਿੱਤੀ ਅਤੇ ਘਰ-ਘਰ ਸਪਤਾਹਿਕ ਸੁਖਮਨੀ ਸਾਹਿਬ ਦੇ ਪਾਠ ਸ਼ੁਰੂ ਕਰਕੇ ਸੁਖਮਨੀ ਸਾਹਿਬ ਸੁਸਾਇਟੀ ਦੀ ਨੀਂਹ ਰੱਖ ਦਿੱਤੀ। ਉਨ੍ਹਾਂ ਦੀ ਖਵਾਹਿਸ਼ ਗੁਰਦੁਆਰਾ ਬਣਾਉਣ ਦੀ ਸੀ। ਇਸ ਹੀ ਸੁਸਾਇਟੀ ਨੇ ਅੱਗੇ ਚੱਲ ਕੇ ਗੁਰਦੁਆਰਾ ਬਣਾਉਣ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ।

ਮੇਰੇ ਕੋਲ ਰਹਿੰਦਿਆਂ ਪੰਜ ਸਾਲ ਹੋ ਗਏ ਸਨ, ਨਾ ਥੱਕਣ ਵਾਲੀ ਤਾਈ ਹੁਣ ਹੌਲੀ-ਹੌਲੀ ਕਮਜ਼ੋਰ ਪੈ ਗਈ ਸੀ। ਕੁਝ ਦਿਨਾਂ ਤੋਂ ਉਨ੍ਹਾਂ ਨੂੰ ਹਲਕਾ-ਹਲਕਾ ਬੁਖ਼ਾਰ ਰਹਿਣ ਲੱਗਾ ਸੀ, ਪਰ ਉਹ ਖ਼ਮੋਸ਼ ਰਹਿੰਦੇ ਸਨ। ਆਪਣਾ ਦੁੱਖ-ਤਕਲੀਫ਼ ਨਹੀਂ ਦੱਸਦੇ ਸਨ। ਮੈਂ ਉਨ੍ਹਾਂ ਦਾ ਪੂਰਾ ਚੈੱਕ ਅੱਪ ਕਰਾਉਣ ਦੀ ਸੋਚ ਹੀ ਰਹੀ ਸੀ ਕਿ ਇਕ ਦਿਨ ਆਫ਼ਿਸ ਪਰਤਣ ਤੇ ਬੱਚਿਆਂ ਨੇ ਦੱਸਿਆ ਕਿ ਤਾਈ ਜੀ ਮੇਰੇ ਛੋਟੇ ਭਰਾ ਨੂੰ ਮਿਲਣ ਗਏ ਸਨ। ਮੈਂ ਮਾਂ ਵੱਲ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਇੱਥੇ ਨਹੀਂ ਆਏ। ਮੈਂ ਫਿਰ ਉਨ੍ਹਾਂ ਦੇ ਸ਼ਹਿਰ ਦੇ ਭਾਣਜੇ ਵੱਲ ਫ਼ੋਨ ਕੀਤਾ ਤਾਂ ਪਤਾ ਚੱਲਿਆ ਕਿ ਉਹ ਉੱਥੇ ਸਨ। ਉਨ੍ਹਾਂ ਨੂੰ ਅਜੇ ਵੀ ਬੁਖ਼ਾਰ ਸੀ ਤੇ ਫਿਰ ਮੈਂ ਅਤੇ ਮੇਰੇ ਪਤੀ ਉਨ੍ਹਾਂ ਨੂੰ ਵਾਪਸ ਲੈਣ ਲਈ ਉਨ੍ਹਾਂ ਦੇ ਭਾਣਜੇ ਦੇ ਘਰ ਗਏ ਤਾਂ ਦੇਖਿਆ, ਉਨ੍ਹਾਂ ਨੂੰ ਬੁਖ਼ਾਰ ਸੀ। ਮੈਂ ਬੋਲੀ, "ਮਾਤਾ ਜੀ ! ਤੁਸੀਂ ਬਿਨਾਂ ਦੱਸੇ ਆ ਗਏ।" ਉਹ ਪੋਲਾ ਜਿਹਾ ਹੱਸੇ ਤੇ ਬੋਲੇ, "ਤੂੰ ਘਰ ਹੁੰਦੀ ਤਾਂ ਫਿਰ ਮੈਨੂੰ ਨਹੀਂ ਆਣ ਦੇਣਾ ਸੀ ? ਬੱਚੇ ਕਿੱਥੇ ਛੋੜਦੇ ਆਹੇ...ਮੰਨੂ ! ਬੜੀ ਔਖੀ ਤਰ੍ਹਾਂ ਮੈਂ ਉਨ੍ਹਾਂ ਕੋਲੋਂ ਆਈ ਹਾਂ...ਭਲੀ ਲੋਕੇ ! ਹੁਣ ਮੇਰਾ ਅੰਤਿਮ ਸਮਾਂ ਆ ਗਿਆ...ਤੂੰ ਮੈਨੂੰ ਹਸਪਤਾਲ ਦਾਖ਼ਲ ਕਰ ਦੇਸੇਂ...ਮੈਂ ਡਾਕਟਰ ਦੇ ਵੱਸ ਨਹੀਂ ਪੈਣਾ...ਮੈਂ ਸਮਝ ਗਈ ਆਂ...ਮੇਰਾ ਮਰਨ ਵੇਲਾ ਆ ਗਿਆ ਏ। ਧੀ ਦੇ ਬਾਰ ਤੇ ਨਾ ਮਰਸਾਂ...ਮੈਂ ਇਨ੍ਹਾਂ ਨੂੰ ਮਿਲ ਕੇ ਸਵੇਰੇ ਆਪਣੇ ਘਰ ਚਲੀ ਜਾਸਾਂ।"

"ਮਾਤਾ ! ਕੇਅ ਗੱਲਾਂ ਕਰਦੇ ਓ..ਮੈਂ ਇਸ ਬੀਮਾਰ ਹਾਲਤ ਵਿੱਚ ਤੁਹਾਨੂੰ ਕਿੰਜ ਛੱਡ ਸਕਨੀ ਆਂ...?" ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੇਰਾ ਗਲ਼ਾ ਭਰ ਆਇਆ...ਮੈਂ ਰੋਣ ਲੱਗ ਪਈ ਤਾਂ ਉਹ ਉੱਠ ਕੇ ਬੈਠ ਗਏ। "ਤੂੰ ਰੋਨੀ ਏਂ...ਤਾਹੀਉਂ ਤਾਂ ਮੈਂ ਤੇਰੇ ਕੋਲੋਂ ਛੁਪ ਕੇ ਆਈ ਆਂ..." ਉਨ੍ਹਾਂ ਨੇ ਜ਼ਬਰਦਸਤੀ ਮੇਰੇ ਹੱਥ ਵਿੱਚ ਭਾਣਜੇ-ਨੂੰਹ ਵੱਲੋਂ ਲਿਆਂਦੀ ਚਾਹ ਅਤੇ ਬਿਸਕੁਟ ਦਿੱਤੇ।

"ਹਲਾ...ਤੂੰ ਹੁਣ ਜਾਹ...ਹਨ੍ਹੇਰਾ ਪੈ ਗਿਆ ਏ...ਬੱਚੇ ਘਰ ਕੱਲੇ ਨੀ (ਇਕੱਲੇ)। ਮੈਂ ਕੱਲ੍ਹ ਤੇਰੀ ਮਾਂ ਅਤੇ ਭਰਾ ਨੂੰ ਮਿਲ ਕੇ ਆ ਜਾਸਾਂ...ਖ਼ਫ਼ਾ ਨਾ ਹੋ...ਹੁਣ ਤੂੰ ਜਾ....ਆ ਜਾਸਾਂ...ਆ ਜਾਸਾਂ...ਤੈਨੂੰ ਕਹਿ ਦਿੱਤਾ ਨਾਹ..." ਤੇ ਫਿਰ ਉਹ ਲੰਮੇ ਪੈ ਗਏ। ਸਾਡੇ ਘਰ ਵਾਪਿਸ ਪਰਤਣ ਦੀ ਦੇਰ ਸੀ ਕਿ ਟੈਲੀਫ਼ੋਨ ਦੀ ਘੰਟੀ ਵੱਜੀ...ਫ਼ੋਨ ਮੈਂ ਹੀ ਚੁੱਕਿਆ, ਤਾਈ ਦਾ ਭਾਣਜਾ ਬੋਲ ਰਿਹਾ ਸੀ, "ਦੀਦੀ, ਜਲਦੀ

ਆਉ...ਮਾਸੀ ਨੂੰ ਪਤਾ ਨਹੀਂ ਕੇਅ ਹੋ ਗਿਆ ਏ...?" ਅਸੀਂ ਉਲਟੇ ਪੈਰੀ ਉੱਥੇ ਪਹੁੰਚ ਗਏ। ਦੇਖਿਆ ਤਾਂ ਤਾਈ ਅਡੋਲ ਪਈ ਸੀ, ਮੂੰਹ ਵਿੱਚੋਂ ਗੋਂ-ਗੋਂ ਦੀ ਅਵਾਜ਼ ਨਿਕਲ ਰਹੀ ਸੀ। ਮੈਂ ਉਨ੍ਹਾਂ ਕੋਲ ਬੈਠ ਗਈ... ਭਾਣਜ਼ਾ ਬੋਲਿਆ, "ਬਸ ਤੁਹਾਡੇ ਜਾਣ ਤੋਂ ਬਾਅਦ ਚੁੱਪ ਕਰ ਗਏ। ਫੇਰ ਖਾਣ ਨੂੰ ਖਿਚੜੀ ਦਿੱਤੀ ਤਾਂ ਤਿੰਨ-ਚਾਰ ਚਮਚ ਹੀ ਖਾਧੇ ਕਿ ਗਿਰ ਗਏ। ਤਬੀਅਤ ਜ਼ਿਆਦਾ ਖ਼ਰਾਬ ਹੋਣ ਕਰਕੇ ਹੀ ਮੈਂ ਤੁਹਾਡੇ ਵੱਲ ਫ਼ੋਨ ਕੀਤਾ ਸੀ।" ਮੈਂ ਤਾਈ ਨੂੰ ਅਵਾਜ਼ਾਂ ਦਿੱਤੀਆਂ, "ਮਾਤਾ ! ਮਾਤਾ ! ਕੁਝ ਤਾਂ ਬੋਲ..." ਪਰ ਉਨ੍ਹਾਂ ਨੇ ਕੋਈ ਹਿਲਜੁਲ ਨਾ ਕੀਤੀ...ਸਿਰਫ਼ ਇਕ ਹੱਥ ਦੀਆਂ ਉਂਗਲਾਂ ਹਿੱਲ ਰਹੀਆਂ ਸਨ। ਮੂੰਹ 'ਚੋਂ ਨਿਕਲਦੀ ਅਵਾਜ਼ ਤੋਂ ਮੈਨੂੰ ਅਚਾਨਕ ਲੱਗਿਆ ਕਿ ਉਨ੍ਹਾਂ ਦੇ ਗਲ਼ੇ 'ਚ ਕੁਝ ਫਸਿਆ ਹੋਇਆ ਹੈ। ਮੂੰਹ 'ਚ ਹੱਥ ਪਾਇਆ ਤਾਂ ਬਨਾਉਟੀ ਦੰਦ ਗਲ਼ੇ ਵਿੱਚ ਫਸੇ ਹੋਏ ਸਨ। ਮੈਂ ਉਨ੍ਹਾਂ ਨੂੰ ਨਿਕਾਲਿਆ ਤਾਂ ਉਨ੍ਹਾਂ ਦੀ ਸਾਹ ਠੀਕ ਚੱਲਣ ਲੱਗ ਗਈ। ਤੇ ਫਿਰ ਉਨ੍ਹਾਂ ਨੂੰ ਕਾਰ ਵਿੱਚ ਪਾ ਕੇ ਹਸਪਤਾਲ ਐਡਮਿਟ ਕਰਵਾ ਦਿੱਤਾ। ਟੈਸਟ ਹੋਏ ਤਾਂ ਪਤਾ ਚੱਲਿਆ ਕਿ ਉਨ੍ਹਾਂ ਨੂੰ ਪੈਰਾਲਾਈਜ਼ ਦਾ ਅਟੈਕ ਹੋਇਆ ਸੀ। ਸੱਜਾ ਹੱਥ ਅਜੇ ਵੀ ਹਿੱਲ ਰਿਹਾ ਸੀ। ਮੈਂ ਉਨ੍ਹਾਂ ਦੇ ਗਿੱਲੇ ਵਸਤਰ ਬਦਲੇ ਤਾਂ ਉਨ੍ਹਾਂ ਦਾ ਹੱਥ ਮੇਰੇ ਹੱਥਾਂ 'ਤੇ ਫਿਰਨ ਲੱਗਾ। ਡਾਕਟਰ ਨੇ ਫਿਰ ਪੇਸ਼ਾਬ ਦੀ ਨਲੀ ਲਗਾ ਦਿੱਤੀ...ਗੁਲੂਕੋਜ਼ ਵੀ ਚੱਲ ਰਿਹਾ ਸੀ। ਦੋ ਦਿਨ ਇਸੇ ਤਰ੍ਹਾਂ ਹੀ ਰਹੇ... ਉਨ੍ਹਾਂ ਦੀਆਂ ਉਂਗਲਾਂ ਸਿਰਫ਼ ਸਿਮਰਨ ਕਰਦੀਆਂ ਜਾਪੀਆਂ।

ਮੇਰੀ ਮਾਂ...ਮੇਰੀ ਵੱਡੀ ਮਾਂ ਹੌਲੀ-ਹੌਲੀ ਵਿਸਮ ਰਹੀ ਸੀ। ਸਭ ਦੀ ਸੇਵਾ ਕਰਨ ਵਾਲੀ ਮਾਂ ਆਖ਼ਿਰ ਬਿਨਾਂ ਸੇਵਾ ਲਏ ਪੂਰੀ ਹੋ ਗਈ ਸੀ। ਮਾਂ ਦੇ ਕਹਿਣ ਤੇ ਉਨ੍ਹਾਂ ਦੀ ਇੱਛਾ ਮੁਤਾਬਿਕ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਲੈ ਗਏ। ਉਨ੍ਹਾਂ ਦੇ ਪਹਿਲਾਂ ਦੱਸੇ ਮੁਤਾਬਿਕ ਉਨ੍ਹਾਂ ਦਾ ਟਰੱਕ ਖੋਲ੍ਹਿਆ ਤਾਂ ਦੇਖਿਆ ਕਿ ਉਨ੍ਹਾਂ ਨੇ ਆਪਣੇ ਮਰਨ ਵਕਤ ਦਾ ਸੂਟ ਅਤੇ ਬਾਕੀ ਸਾਮਾਨ ਰੱਖਿਆ ਹੋਇਆ ਸੀ। ਉਨ੍ਹਾਂ ਦੇ ਅੰਤਿਮ ਅਰਦਾਸ ਵਕਤ ਇੰਨੀ ਸੰਗਤ ਸੀ, ਇਵੇਂ ਲੱਗਦਾ ਸੀ ਸਾਡੀ ਵੱਡੀ ਮਾਂ ਹੀ ਨਹੀਂ ਜਗਤ-ਮਾਤਾ ਪੂਰੀ ਹੋ ਗਈ ਸੀ।

586 E, ਆਜ਼ਾਦ ਨਗਰ,
ਸਰਹਿੰਦ ਰੋਡ, ਪਟਿਆਲਾ (ਪੰਜਾਬ)
ਮੋਬਾਈਲ : 98149-68849

## ਮੁੰਡੇ ਕੁੜੀਆਂ ਇਕ ਸਮਾਨ

**ਡਾ. ਦੇਵਿੰਦਰ ਬੀਬੀਪੁਰੀਆਂ**

ਸਾਡੇ ਘਰ ਇਕ ਬੱਚੀ ਆਈ।
ਸਭ ਨੇ ਰਲ ਕੇ ਖ਼ੁਸ਼ੀ ਮਨਾਈ।

ਛੋਟੀ ਛੋਟੀ, ਪਿਆਰੀ ਪਿਆਰੀ,
ਉਹ ਮੰਮੀ ਦੀ ਰਾਜ ਦੁਲਾਰੀ,
ਅੱਖਾਂ ਨੂੰ ਉਹ ਬੰਦ ਕਰ ਲੇਵੇ,
ਜਦ ਮੈਂ ਉਸ ਨੂੰ ਕਰਦਾ ਪਾਰੀ।

ਸਾਰਾ ਟੱਬਰ ਖ਼ੁਸ਼ੀ ਮਨਾਵੇ,
ਨਾ ਕੋਈ ਹੇਠਾਂ ਪੈਰ ਲਗਾਏ,
ਡੈਡੀ ਇੰਟਰਨੈੱਟ ਤੋਂ ਕੱਢ ਕੇ,
ਨਾਵਾਂ ਵਾਲੀ ਲਿਸਟ ਲਿਆਏ।

ਦਾਦੀ ਨੇ ਪਰ ਮੂੰਹ ਫੁਲਾਇਆ,
ਕਹਿੰਦੀ ਇਹ ਹੈ ਧਨ ਪਰਾਇਆ,
ਰੱਬ ਨੂੰ ਉਸ ਨੇ ਰੋਸ ਜਤਾਇਆ,
ਕਿਉਂ ਸਾਡੇ ਸਿਰ ਬੋਝ ਵਧਾਇਆ ?

ਬਾਪੂ ਜੀ ਉਸ ਨੂੰ ਸਮਝਾਇਆ,
ਹੁਣ ਹੈ ਨਵਾਂ ਜ਼ਮਾਨਾ ਆਇਆ,
ਹਰ ਇਕ ਖੇਤਰ ਵਿੱਚ ਕੁੜੀਆਂ ਨੇ,
ਮੁੰਡਿਆਂ ਤੋਂ ਵੱਧ ਨਾਮ ਕਮਾਇਆ।

ਧੀ ਮਾਪਿਆਂ ਦੀ ਸੇਵਾ ਕਰਦੀ,
ਉਹੀ ਹੁੰਦੀ ਰੌਣਕ ਘਰ ਦੀ,
ਦੇਖੋ ਲੋਕਾਂ ਦੀ ਨਾਸਮਝੀ,
ਫਿਰ ਵੀ ਉਹ ਕੁੱਖ ਵਿੱਚ ਹੈ ਮਰਦੀ।

ਜੇ ਆਪਣੇ ਘਰ ਧੀ ਨਾ ਆਉਂਦੀ,
ਗੁੱਟ ਕਾਕੇ ਦਾ ਕਿੱਥੋਂ ਬੰਨ੍ਹਾਉਂਦੀ,
ਕਿੱਥੇ ਹੈ ਦੱਸ ਤੇਰਾ ਧਿਆਨ ?
ਮੁੰਡੇ ਕੁੜੀਆਂ ਇਕ ਸਮਾਨ।

('ਤੋਤਲੇ ਫੁੱਲਾਂ ਦੀ ਮਹਿਕ'
ਪੁਸਤਕ ਵਿੱਚੋਂ ਸਾਭਾਰ)

ਲੇਖ

# ਭਗਵਾਨ ਸਿੰਘ 'ਦੀਪਕ' ਦੀ ਧਾਰਮਿਕ ਸ਼ਾਇਰੀ

ਡਾ. ਪ੍ਰਿਥਵੀ ਰਾਜ ਥਾਪਰ

'ਸਤਿਗੁਰ ਮੇਰਾ ਬਖ਼ਸ਼ਣਹਾਰ' ਪੰਜਾਬੀ ਦੇ ਉੱਘੇ ਸ਼ਾਇਰ ਭਗਵਾਨ ਸਿੰਘ 'ਦੀਪਕ' ਦੀ ਧਾਰਮਕ ਪ੍ਰਵਿਰਤੀ ਦੀ ਰਚਨਾ ਹੈ। ਇਸ ਤੋਂ ਪਹਿਲਾਂ ਦੀਪਕ ਨੇ 'ਜਗਦੇ ਦੀਪਕ', 'ਚੜ੍ਹਦੀਆਂ ਕਾਂਗਾਂ', 'ਬਰਫ਼ਾਂ ਥੱਲੇ ਅੱਗ', 'ਤੇਰੀ ਝਾਂਜਰ ਮੇਰੇ ਗੀਤ', 'ਅੱਗ ਦੀ ਬੁੱਕਲ', 'ਗੀਤ ਮੈਂ ਲਿਖਦਾ ਰਿਹਾ' ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 'ਦੀਪਕ' ਨੇ ਦਿੱਲੀ ਦੇ 'ਪੁਰਾਣੇ ਪੰਜਾਬੀ ਸਟੇਜੀ ਕਵੀ' ਦੀ ਸੰਪਾਦਨਾ ਵੀ ਕੀਤੀ ਹੈ। ਸਪਸ਼ਟ ਹੈ ਕਿ ਭਗਵਾਨ ਸਿੰਘ 'ਦੀਪਕ' ਲਗਾਤਾਰ ਸ਼ਾਇਰੀ ਨਾਲ ਜੁੜਿਆ ਕਵੀ ਹੈ। ਇਸ ਪੁਸਤਕ ਦੀ ਸ਼ੁਰੂਆਤ ਕਵੀ ਨੇ 'ਸਤਿਗੁਰ ਮੇਰਾ ਬਖ਼ਸ਼ਣਹਾਰ ਡੁਬਦੇ ਬੇੜੇ ਲਾਵੇ ਪਾਰ' ਨਾਂ ਦੀ ਕਵਿਤਾ ਤੋਂ ਕੀਤੀ ਹੈ। ਇਸ ਵਿੱਚ ਉਸ ਨੇ 'ਸਤਿਗੁਰ' ਨੂੰ 'ਬਖ਼ਸ਼ਣਹਾਰ' ਦੀ ਉਪਮਾ ਦੇ ਕੇ ਆਪਣੀ ਧਾਰਮਕ ਸ਼ਰਧਾ-ਭਾਵਨਾ ਦਾ ਪ੍ਰਗਟਾਵਾ ਵੀ ਕੀਤਾ ਹੈ। ਨਾਲ ਹੀ ਇਸ ਪੁਸਤਕ ਵਿਚਲੀਆਂ ਰਚਨਾਵਾਂ ਦੀ ਸੁਰ ਦਾ ਸੰਕੇਤ ਵੀ ਦੇ ਦਿੱਤਾ ਹੈ। 'ਸਤਿਗੁਰ' ਜਾਂ 'ਗੁਰੂ' ਦੀ ਮਹਿਮਾ ਅਗਲੇ ਪੰਨਿਆਂ ਉੱਪਰ ਵੀ ਵਿਦਮਾਨ ਹੈ। ਇਸ ਮਹਿਮਾ ਵਿੱਚ ਗੁਰੂ ਸਾਹਿਬਾਨ ਦਾ ਜੀਵਨ ਦਰਸ਼ਨ, ਉਨ੍ਹਾਂ ਦੀ ਬਾਣੀ ਤੇ ਉਨ੍ਹਾਂ ਦੀ ਲਾਸਾਨੀ ਦੇਣ ਦਾ ਪ੍ਰਚੰਡ ਰੂਪ ਵੇਖਣ ਨੂੰ ਮਿਲਦਾ ਹੈ। 'ਸਾਥੋਂ ਸਿਫ਼ਤ ਨਾ ਹੋਵੇ ਬਿਆਨ ਤੇਰੀ' ਦੀਆਂ ਹੇਠ ਲਿਖੀਆਂ ਸਤਰਾਂ ਵਿੱਚੋਂ ਇਹ ਝਲਕ ਪੈਂਦੀ ਹੈ :

**ਤੇਰੀ ਰਚੀ ਹੋਈ ਬਾਣੀ ਦਾ ਹਰ ਅੱਖਰ,
ਰਸਤਾ ਮਾਹੀ ਦੇ ਮਿਲਣ ਦਾ ਦਸਦਾ ਏ।
ਜਪੁਜੀ ਆਸਾ ਦੀ ਵਾਰ ਦੀ ਵੇਖ ਰਚਨਾ,
ਰੋਮ ਰੋਮ ਅੰਦਰ ਰੱਬ ਵਸਦਾ ਏ।
ਹੋਵੇ ਚਾਨਣ ਗਿਆਨ ਦਾ ਆਤਮਾ ਨੂੰ,
ਪਾਪ ਕੰਨੀਂ ਛੁਡਾ ਕੇ ਨੱਸਦਾ ਏ।
ਜਿਹੜੀ ਪੱਟੀ ਉਚਾਰੀ ਤੂੰ ਪੜ੍ਹਨ ਵੇਲੇ,
ਉਹਦਾ ਭਾਵ ਵਿੱਚ ਦਿਲਾਂ ਦੇ ਧਸਦਾ ਏ।**

(ਪੰਨਾ 25)

ਸ਼ਾਇਰ ਭਗਵਾਨ ਸਿੰਘ 'ਦੀਪਕ' ਆਪਣੀ ਸ਼ਰਧਾ-ਭਾਵਨਾ ਨਮਿਤ ਚੌਥੇ ਗੁਰੂ ਰਾਮਦਾਸ ਜੀ ਨੂੰ 'ਚੌਥਾ ਸੂਰਜ' ਕਹਿ ਕੇ ਪੁਕਾਰਦਾ ਹੈ। ਚੌਥਾ ਸੂਰਜ ਦਾ ਪ੍ਰਤੀਕ ਜਿੱਥੇ ਉਹ ਗੁਰੂ ਸਾਹਿਬਾਨ ਦੀ ਜੋਤ ਦੀ ਲੜੀ ਵਿੱਚੋਂ ਲੈਂਦਾ ਹੈ ਉੱਥੇ ਉਹ ਉਨ੍ਹਾਂ ਵੱਲੋਂ ਸਥਾਪਤ ਕੀਤੇ ਹਰਿਮੰਦਰ ਸਾਹਿਬ ਦੇ ਚਾਰ ਦਰਾਂ ਨੂੰ ਆਪਣੇ ਵਿਆਖਿਆਨ ਦਾ ਅੰਗ ਬਣਾਉਂਦਾ ਹੈ। ਇਸੇ ਤਰ੍ਹਾਂ ਕਵੀ ਬਾਕੀ ਗੁਰੂ ਸਾਹਿਬਾਨ ਬਾਰੇ ਵੀ ਉਨ੍ਹਾਂ ਨੂੰ ਵੱਖੋ-ਵੱਖਰੀਆਂ ਉਪਮਾਵਾਂ ਨਾਲ ਸਤਿਕਾਰ ਦਿੰਦਾ ਹੈ। 'ਦੀਪਕ' ਦੀ ਕਵਿਤਾ ਵਿਸਤਾਰ ਵਿੱਚ ਵਿਆਖਿਆਨ ਕਰਦੀ ਹੈ। ਉਸ ਕੋਲ ਵਿਸਤਾਰ ਨੂੰ ਸੰਖੇਪਤਾ ਵਿੱਚ ਪਰੋਣ ਦੀ ਕਲਾ ਵੀ ਮੌਜੂਦ ਹੈ। 'ਮਹਿਮਾ ਗੁਰੂ ਗ੍ਰੰਥ ਸਾਹਿਬ ਜੀ' ਵਾਲੀ ਰਚਨਾ ਵਿਚਲੀਆਂ ਇਨ੍ਹਾਂ ਸਤਰਾਂ ਵਿੱਚ ਕਵੀ ਦੀ ਇਹ ਖ਼ੂਬੀ ਵੇਖੀ ਜਾ ਸਕਦੀ ਹੈ :

**ਨਾਮਦੇਵ ਤਰਲੋਚਨ ਰਵਿਦਾਸ ਧੰਨਾ,
ਬਾਣੀ ਏਸ ਵਿੱਚ ਭਗਤ ਕਬੀਰ ਦੀ ਏ।
ਬੈਨੀ ਸਦਨਾ ਕਸਾਈ ਜੈਦੇਵ ਭੀਖਨ,
ਪਰਮਾਨੰਦ ਤੇ ਸੈਨ ਫ਼ਕੀਰ ਦੀ ਏ।
ਰਾਮਾਨੰਦ ਪੀਪੇ ਸੂਰਦਾਸ ਜੀ ਦੀ,
ਬਾਣੀ ਭਗਤ ਫ਼ਰੀਦ ਜਹੇ ਪੀਰ ਦੀ ਏ।
ਵਾਰ ਸਤੇ ਬਲਵੰਡ ਦੀ ਫੇਰ ਚਾਹੜੀ,
ਨਾਵੇਂ ਗੁਰੂ ਦੀ ਬਾਣੀ ਆਖ਼ੀਰ ਦੀ ਏ।**

(ਪੰਨਾ 74)

ਇਸ ਹਵਾਲੇ ਨਾਲ ਇਹ ਜ਼ਾਹਿਰ ਹੁੰਦਾ ਹੈ ਕਿ ਕਵੀ ਨੇ ਚੰਦ ਸ਼ਬਦਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਬਿਉਰਾ ਪੇਸ਼ ਕਰ ਦਿੱਤਾ ਹੈ। ਕਵੀ ਦਾ ਇਹੀ ਹੁਨਰ ਉਸ ਦੀਆਂ ਹੋਰ ਵੀ ਕਈ ਰਚਨਾਵਾਂ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਆਪਣੀ ਅਧਿਆਤਮਕ ਬਿਰਤੀ ਤਹਿਤ ਕਵੀ ਨੇ ਗੁਰੂ ਸਾਹਿਬਾਨ ਦੇ ਨਾਲ-ਨਾਲ ਗੁਰੂ ਮਹਿਲਾ ਤੇ ਉੱਘੀਆਂ ਸਿੱਖ ਸ਼ਖ਼ਸੀਅਤਾਂ ਦੇ ਹਵਾਲੇ ਨਾਲ ਵੀ ਰਚਨਾ ਕੀਤੀ ਹੈ। ਇਨ੍ਹਾਂ ਵਿੱਚ ਸ਼ਾਮਿਲ ਹਨ : ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਸੁੰਦਰੀ, ਮਾਂ ਗੁਜਰੀ, ਬਾਬਾ ਦੀਪ ਸਿੰਘ, ਮਹਾਰਾਜਾ ਰਣਜੀਤ ਸਿੰਘ, ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ, ਸੰਤ ਅਤਰ ਸਿੰਘ, ਸੰਤ ਸਿੰਘ ਮਸਕੀਨ, ਭਾਈ ਜੈਤਾ, ਲੱਖੀ ਸ਼ਾਹ ਵਣਜਾਰਾ, ਬੰਦਾ ਸਿੰਘ ਬਹਾਦਰ, ਭਾਈ ਘਨੱਈਆ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਸਾਹਿਬਜ਼ਾਦੇ, ਸ਼ਹੀਦ ਮਹਾਂ ਸਿੰਘ ਆਦਿ। ਇਨ੍ਹਾਂ ਹਸਤੀਆਂ ਰਾਹੀਂ ਕਵੀ ਨੇ ਸਿੱਖੀ ਸਿਧਾਂਤਾਂ, ਆਦਰਸ਼ਾਂ ਤੇ ਰਹਿਤ ਮਰਿਆਦਾ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਹੈ। ਹਰਿਮੰਦਰ ਸਾਹਿਬ, ਬਾਬਾ ਬਕਾਲਾ, ਪਾਉਂਟਾ ਸਾਹਿਬ, ਖਡੂਰ ਸਾਹਿਬ, ਬੰਗਲਾ ਸਾਹਿਬ ਆਦਿ ਧਾਰਮਕ ਸਥਾਨ ਵੀ ਕਵੀ ਦੀ

ਧਾਰਮਕ ਸ਼ਰਧਾ-ਭਾਵਨਾ ਦਾ ਕੇਂਦਰ ਬਣਦੇ ਹਨ। ਸ਼ਰਧਾ ਦੇ ਇਨ੍ਹਾਂ ਕੇਂਦਰਾਂ ਨੂੰ ਕਵੀ ਉਨ੍ਹਾਂ ਦੇ ਇਤਿਹਾਸਕ ਮਹੱਤਵ ਸਮੇਤ ਪੇਸ਼ ਕਰਨ ਦੀ ਵਿਧੀ ਅਪਣਾਉਂਦਾ ਹੈ। 'ਇਸ ਦੁਨੀਆ ਤੋਂ ਜਾਣ ਤੋਂ ਪਹਿਲਾਂ' ਕਵਿਤਾ ਵਿੱਚ ਕਵੀ ਤੋਂ ਸ਼ਰਧਾਲੂਆਂ ਦੀ ਅਪਹੁੰਚ ਦਾ ਰੁਦਨ ਕਰਦਾ ਆਖਦਾ ਹੈ :

**ਉਹ ਪਾਕਿਸਤਾਨੀ ਬੱਦਲ ਜੋ,**
**ਨਨਕਾਣੇ ਗਿਰਦੇ ਛਾਏ ਨੇ।**
**ਮੇਰੇ ਪੰਜਾਬ ਪਿਆਰੇ ਦੇ,**
**ਦੋ ਟੋਟੇ ਜਿਨ੍ਹਾਂ ਬਣਾਏ ਨੇ।**
**ਏਧਰੋਂ ਓਧਰ ਘੱਲੇ ਨੇ ਤੇ**
**ਉਧਰੋਂ ਏਧਰ ਆਏ ਨੇ।**
**ਨਾਨਕ ਦੇ ਰਾਹ ਤੇ ਬੂਹੇ ਤੇ**
**ਸਰਕਾਰਾਂ ਪਹਿਰੇ ਲਾਏ ਨੇ।**
**ਜੇ ਆਖੋ ਤਾਂ ਅੱਗ ਮੈਂ ਹੋ ਜਾਵਾਂ**
**ਉਹਨਾਂ ਨੂੰ ਸਾੜ ਮੁਕਾਣੇ ਦਾ।**
**ਇਸ ਦੁਨੀਆ ਤੋਂ ਜਾਣ ਤੋਂ ਪਹਿਲਾਂ**
**ਦਰਸ ਦਈਂ ਨਨਕਾਣੇ ਦਾ।** (ਪੰਨਾ 32)

ਭਗਵਾਨ ਸਿੰਘ 'ਦੀਪਕ' ਇਸ ਕਵਿਤਾ ਰਾਹੀਂ ਸੌੜੀ ਸਿਆਸਤ ਦੀਆਂ ਲੋਕਾਂ ਦੀ ਸ਼ਰਧਾ ਭਾਵਨਾ ਉੱਪਰ ਫਜ਼ੂਲ ਦੀਆਂ ਪਾਬੰਦੀਆਂ ਦਾ ਵਿਰੋਧ ਕਰਦਾ ਨਜ਼ਰ ਆਉਂਦਾ ਹੈ। 'ਦੀਪਕ' ਇਕ ਸਟੇਜੀ ਕਵੀ ਹੈ। ਇਸ ਪਰੰਪਰਾ ਨੂੰ ਅੱਗੇ ਤੋਰਨ ਲਈ ਉਹ ਵਚਨਬੱਧ ਹੈ। ਬਤੌਰ ਸਟੇਜੀ ਕਵੀ ਉਸ ਦੀ ਰਚਨਾ ਵਿੱਚ ਬੀਰ ਰਸੀ ਕਵਿਤਾ ਵੀ ਸ਼ਾਮਲ ਹੈ। ਗੀਤ, ਕਵਾਲੀ, ਮਾਹੀਆ ਆਦਿ ਕਾਵਿ-ਰੂਪਾਂ ਰਾਹੀਂ ਕਵੀ ਨੇ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਸਾਹਿਤਕਾਰ ਅਨੂਪ ਸਿੰਘ 'ਨੂਰੀ' ਵੱਲੋਂ ਪੇਸ਼ ਕਵਿਤਾ ਸ੍ਰ. ਭਗਵਾਨ ਸਿੰਘ 'ਦੀਪਕ' ਰਾਹੀਂ ਕਵੀ ਨਾਲ ਕਾਵਿਮਈ ਢੰਗ ਨਾਲ ਜਾਣ-ਪਛਾਣ ਕਰਾਈ ਗਈ ਹੈ। ਇਹ ਇਕ ਚੰਗਾ ਪ੍ਰਯੋਗ ਮੰਨਿਆ ਜਾ ਸਕਦਾ ਹੈ। ਸਰਲ ਭਾਸ਼ਾ ਵਿੱਚ ਰਚੀ ਇਹ ਵੱਖੋ-ਵੱਖਰੇ ਅੰਦਾਜ਼, ਵਿਚਾਰਾਂ ਤੇ ਰਸਾਂ ਨਾਲ ਭਰਪੂਰ ਰਚਨਾ ਹੈ। ਇਸ ਪੁਸਤਕ ਦੀਆਂ ਕਈ ਰਚਨਾਵਾਂ ਦ੍ਰਿਸ਼ ਚਿਤਰਨ ਕਰਨ ਵਿੱਚ ਸਫ਼ਲ ਹੋਈਆਂ ਹਨ। ਉਸ ਨੇ ਮੱਧਕਾਲ ਤੋਂ ਆਧੁਨਿਕ ਕਾਲ ਤੱਕ ਦੀਆਂ ਸ਼ਖ਼ਸੀਅਤਾਂ ਨੂੰ ਕਾਵਿ-ਰੂਪ ਦਿੱਤਾ ਹੈ। ਇਸ ਤੋਂ ਉਸ ਦੀ ਸਿੱਖ ਧਰਮ ਤੇ ਸਿਆਸਤ ਬਾਰੇ ਡੂੰਘੀ ਸੂਝ-ਬੂਝ ਦਾ ਵੀ ਪਤਾ ਲੱਗਦਾ ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ 'ਦੀਪਕ' ਨੇ ਸਰਲ ਤੇ ਰੌਚਕ ਢੰਗ ਨਾਲ ਸਿੱਖ ਵਿਰਸੇ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਉਹ ਕਈ ਕਵਿਤਾਵਾਂ ਵਿੱਚ ਨਿਰਾਸ਼ ਨਜ਼ਰ ਆਉਂਦਾ ਹੈ। ਪਰ ਉਸ ਨੂੰ ਆਪਣੇ ਧਾਰਮਕ ਵਿਸ਼ਵਾਸ ਉੱਪਰ ਮਾਣ ਹੈ। ਇਸ ਨੂੰ ਉਹ ਹੋਰ ਪ੍ਰਮਾਣਿਕਤਾ ਸੰਗ ਪੇਸ਼ ਕਰਨ ਲਈ ਜਤਨਸ਼ੀਲ ਹੈ। ਇਸ ਲਈ ਉਹ ਇਤਿਹਾਸਕ ਤੇ ਧਾਰਮਕ ਮਹਾਂਪੁਰਸ਼ਾਂ/ਸ਼ਖ਼ਸੀਅਤਾਂ ਨੂੰ ਵਾਹਨ ਬਣਾਉਂਦਾ ਹੈ। ਉਨ੍ਹਾਂ ਦੀਆਂ ਕੁਰਬਾਨੀਆਂ/ਸ਼ਹਾਦਤਾਂ ਦੇ ਮਹੱਤਵਪੂਰਨ ਅਤੇ ਪ੍ਰੇਰਨਾਦਾਇਕ ਵੇਰਵੇ ਸਾਂਝੇ ਕਰਦਾ ਹੈ। ਕੁੱਲ ਮਿਲਾ ਕੇ ਭਗਵਾਨ ਸਿੰਘ 'ਦੀਪਕ' ਦੀ ਪੁਸਤਕ 'ਸਤਿਗੁਰ ਮੇਰਾ ਬਖ਼ਸ਼ਣਹਾਰ' ਧਾਰਮਕ ਮੈਟਾਫ਼ਰ, ਸ਼ਰਧਾ, ਮਰਿਆਦਾ, ਇਤਿਹਾਸ ਆਦਿ ਉੱਪਰ ਕੇਂਦ੍ਰਿਤ ਹੈ।

(ਮੋਬਾਈਲ : 9818411018)

## ਨਵੀ ਦਿੱਲੀ ਨਗਰ ਪਾਲਿਕਾ ਸਮਾਚਾਰ ਸਬੰਧੀ ਵੇਰਵਾ

### ਫ਼ਾਰਮ IV


| | | |
|---|---|---|
| 1. ਪ੍ਰਕਾਸ਼ਨ ਸਥਾਨ | : | ਹਿੰਦੀ ਵਿਭਾਗ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਪਾਲਿਕਾ ਕੇਂਦਰ, ਨਵੀਂ ਦਿੱਲੀ-110001 |
| 2. ਪ੍ਰਕਾਸ਼ਨ ਦਾ ਸਮਾਂ | : | ਦੋ ਮਾਸਿਕ |
| 3. ਮੁਦ੍ਰਕ, ਪ੍ਰਕਾਸ਼ਕ ਤੇ ਸੰਪਾਦਕ | : | ਅਨੀਤਾ ਜੋਸ਼ੀ |
| 4. ਕੌਮੀਅਤ | : | ਭਾਰਤੀ |
| 5. ਪਤਾ | : | ਹਿੰਦੀ ਵਿਭਾਗ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਪਾਲਿਕਾ ਕੇਂਦਰ, ਨਵੀਂ ਦਿੱਲੀ-110001 |
| 6. ਉਨ੍ਹਾਂ ਵਿਅਕਤੀਆਂ ਦੇ ਨਾਮ ਅਤੇ ਪਤੇ ਜੋ ਪੱਤਰਕਾ ਦੇ ਮਾਲਕ ਹਨ ਅਤੇ ਸਾਰੀ ਪੂੰਜੀ ਦੇ ਇਕ ਫ਼ੀਸਦੀ ਤੋਂ ਵੱਧ ਦੇ ਸਾਂਝੀਦਾਰ ਜਾਂ ਹਿੱਸੇਦਾਰ ਹਨ। | : | ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਪਾਲਿਕਾ ਕੇਂਦਰ, ਨਵੀਂ ਦਿੱਲੀ-110001 |

ਮੈਂ, ਅਨੀਤਾ ਜੋਸ਼ੀ, ਐਲਾਨ ਕਰਦੀ ਹਾਂ ਕਿ ਮੇਰੀ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਉਪ੍ਰੋਕਤ ਦਿੱਤਾ ਗਿਆ ਵੇਰਵਾ ਸਹੀ ਹੈ।

(ਸਹੀ) **ਅਨੀਤਾ ਜੋਸ਼ੀ**
ਪ੍ਰਕਾਸ਼ਕ ਸੰਪਾਦਕ

# ਦੋ ਗ਼ਜ਼ਲਾਂ

## ਮਲਕੀਅਤ 'ਸੁਹਲ'

ਉਹ ਤੇਰੇ ਯਾਰ ਨਾ ਮੇਰੇ ਯਾਰ। ਹੋ ਯਾਰਾਂ ਤੋਂ ਖ਼ਬਰਦਾਰ।
ਗੱਲ ਕਦੇ ਨਾ ਮੂੰਹ ਤੇ ਕਹਿੰਦੇ, ਖ਼ੰਜਰ ਖੋਭਣ ਪਿੱਠ ਵਿਚਕਾਰ।
ਦੂਜੇ ਮੋਢੇ ਰੱਖ ਦੋ-ਨਾਲੀ, ਘੋੜਾ ਦੱਬਣ ਲਈ ਤਿਆਰ।
ਮਿੱਤ ਕਿਸੇ ਦੇ ਨਹੀਂਉਂ ਬਣਦੇ, ਆਪਣਿਆਂ ਤੇ ਕਰਦੇ ਵਾਰ।
ਕੰਮ ਉਨ੍ਹਾਂ ਦਾ ਤੀਲ੍ਹੀ ਲਾਉਣੀਂ, ਲਾਉਣ-ਬੁਝਾਉਣ ਦੇ ਸਰਦਾਰ।
ਨਿੱਤ ਆਟੇ ਦਾ ਪੇੜਾ ਮੰਗਣ, ਤਾਜ਼ਾ ਲੱਭਣ ਰੋਜ਼ ਸ਼ਿਕਾਰ।
ਐਵੇਂ ਚੱਕਰ ਵਿੱਚ ਫਸਾ ਕੇ, ਆਪਣੀ ਕਰਦੇ ਮੌਜ ਬਹਾਰ।
'ਸੁਹਲ' ਉਨ੍ਹਾਂ ਤੋਂ ਬਚ ਕੇ ਰਹੀਏ, ਜਿਨ੍ਹਾਂ ਦਾ ਕੋਈ ਨਹੀਂ ਕਿਰਦਾਰ।

2

ਮੈਂ ਬਣ ਗਈ ਹਾਂ ਵਕਤ ਦੀ ਪੁਕਾਰ ਮੇਰੇ ਦੋਸਤੋ !
ਹੁਣ ਨਾਰੀ ਦੀ ਸੁਣ ਲਉ ਪੁਕਾਰ ਮੇਰੇ ਦੋਸਤੋ !
ਕਹਿੰਦੇ ਸੀ ਜਿਹੜੇ ਮਰਦ ਮੈਨੂੰ ਪੈਰ ਦੀ ਜੁੱਤੀ,
ਉਸ ਦੀ ਜ਼ਬਾਂ ਤੇ ਕਰਨਾ ਹੈ ਵਾਰ ਮੇਰੇ ਦੋਸਤੋ !
ਮੱਤ ਮੇਰੀ ਗੁੱਤ ਵਿੱਚ ਕਈ ਆਖਦੇ ਹੀ ਤੁਰ ਗਏ,
ਹੈ ਕੀ ਉਨ੍ਹਾਂ ਨੂੰ ਔਰਤਾਂ ਦੀ ਸਾਰ ਮੇਰੇ ਦੋਸਤੋ !
ਬੰਦ ਕੀਤਾ ਕਮਰਿਆਂ 'ਚ ਜਿਸ ਮੇਰੀ 'ਵਾਜ ਨੂੰ,
ਹੋ ਰਿਹਾ ਅੱਜ ਆਦਮੀ ਉਹ ਸ਼ਰਮਸਾਰ ਦੋਸਤੋ !
ਭੂਤਕਾਲ ਵਿੱਚ ਮੈਂ ਤਾਂ ਬੜਾ ਕੁਝ ਹੀ ਸਹਿ ਲਿਆ,
ਹੁਣ ਬਣ ਗਈ ਹਾਂ ਅੱਜ ਦੀ ਅਖ਼ਬਾਰ ਮੇਰੇ ਦੋਸਤੋ !
ਆਪਣੀ ਪਹਿਚਾਣ ਖ਼ਾਤਰ ਪਹਿਨੀਆਂ ਜੋ ਚੂੜੀਆਂ
ਸੀ, ਹੱਥ-ਕੜੀਆਂ ਵਰਗਾ ਸ਼ਿੰਗਾਰ ਮੇਰੇ ਦੋਸਤੋ !
ਝਨਾਂ ਵਿੱਚ ਨਹੀਂ ਡੁੱਬਣਾ, ਨਾ ਪੈਰ ਛਾਲੇ ਪੈਣਗੇ,
ਨਹੀਂ ਕਰਨਾ ਏਹੋ ਜਿਹਾ ਪਿਆਰ ਮੇਰੇ ਦੋਸਤੋ !
ਗੋਲੀਆਂ ਦੇ ਵਾਂਗ ਬਣ ਮੈਂ ਕੱਟਣੀ ਨਹੀਂ ਜ਼ਿੰਦਗੀ,
ਹੁਣ ਜ਼ਿੰਦਗੀ ਦਾ ਹੋਏਗਾ ਇਜ਼ਹਾਰ ਮੇਰੇ ਦੋਸਤੋ !
'ਸੁਹਲ' ਜਿਹੇ ਅੰਗ ਮੇਰੇ ਮਰਦਾਂ ਤੋਂ ਘੱਟ ਨਹੀਂ,
ਅੱਜ ਵੇਖ ਅਰਸ਼ੀਂ ਉੱਡਦੇ ਵੀਚਾਰ ਮੇਰੇ ਦੋਸਤੋ !

*ਪਿੰਡ ਨਸ਼ਹਿਰਾ ਬਹਾਦਰ, ਡਾਕਖਾਨਾ ਤਿੱਬੜੀ, ਗੁਰਦਾਸਪੁਰ (ਪੰਜਾਬ)*

# ਰੰਗਾਂ ਦਾ ਕ੍ਰਿਸ਼ਮਾ

ਮੁਖ਼ਤਾਰ ਗਿੱਲ

ਗਗਨ ਤੇ ਗੁਰਲੀਨ ਦੇ ਮਾਸੂਮ ਚਿਹਰਿਆਂ 'ਤੇ ਕ੍ਰਿਸ਼ਮਾਈ ਰੰਗਾਂ ਦੀ ਰੰਗੋਲੀ ਮੁਸਕਰਾ ਰਹੀ ਸੀ। ਉਨ੍ਹਾਂ ਦੇ ਮੰਮੀ-ਡੈਡੀ ਆਪਣੇ ਬੱਚਿਆਂ ਨੂੰ ਮੋਹ ਮਮਤਾ ਨਾਲ ਵੇਖ ਰਹੇ ਸਨ। ਇਸ ਮਮਤਾਮਈ ਨਜ਼ਰ ਨੇ ਦੋਵਾਂ ਬਾਲ ਮੁਖੜਿਆਂ ਤੇ ਜਿਵੇਂ ਸੂਹਾ ਗੁਲਾਲ ਮਲ ਦਿੱਤਾ ਹੋਵੇ। ਗਗਨ ਤੇ ਗੁਰਲੀਨ ਦੇ ਦੋਸਤ, 'ਹੋਲੀ ਹੈ..., ਹੋਲੀ ਹੈ...' ਦਾ ਸ਼ੋਰ ਮਚਾ ਰਹੇ ਸਨ। ਉਹ ਦੋਵੇਂ ਵੀ ਉਨ੍ਹਾਂ ਦੀ ਟੋਲੀ ਵਿੱਚ ਸ਼ਾਮਲ ਹੋ ਕੇ ਹੋਲੀ ਖੇਡਣ ਲੱਗੇ।

ਪਿਛਲੇ ਪੰਦਰਾਂ ਕੁ ਦਿਨਾਂ ਤੋਂ ਗਗਨ ਤੇ ਗੁਰਲੀਨ ਦੇ ਮੰਮੀ-ਡੈਡੀ ਇਕ ਦੂਸਰੇ ਨਾਲ ਨਾਰਾਜ਼ ਚੱਲ ਰਹੇ ਸਨ ਜਿਸ ਕਰਕੇ ਉਨ੍ਹਾਂ ਦੇ ਅੰਦਰਲੇ ਤਣਾਅ ਦਾ ਅਸਰ ਬੱਚਿਆਂ 'ਤੇ ਪੈਣਾ ਕੁਦਰਤੀ ਤੇ ਸੁਭਾਵਿਕ ਸੀ। ਇਸ ਮਾਮੂਲੀ ਜਿਹੇ ਰੋਸੇ ਨੇ ਬੱਚਿਆਂ ਦੇ ਆਤਮ-ਵਿਸ਼ਵਾਸ ਨੂੰ ਕਮਜ਼ੋਰ ਬਨਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੇ ਮਾਨਸਿਕ ਵਿਕਾਸ ਅਤੇ ਪੜ੍ਹਾਈ 'ਤੇ ਪੈ ਰਹੇ ਮਾਰੂ ਪ੍ਰਭਾਵ ਤੋਂ ਪਰੇਸ਼ਾਨ ਉਨ੍ਹਾਂ ਦੀ ਟੀਚਰ ਨੇ ਬੱਚਿਆਂ ਦੇ ਘਰੇਲੂ ਹਾਲਾਤਾਂ ਦਾ ਅਧਿਐਨ ਕਰ ਇਕ ਬੜੀ ਦਿਲਚਸਪ ਯੋਜਨਾ ਬਣਾਈ।

ਇਸ ਯੋਜਨਾ ਦੇ ਤਹਿਤ ਹੋਲੀ ਵਾਲੇ ਦਿਨ ਗਗਨ ਤੇ ਗੁਰਲੀਨ ਦੋਵੇਂ ਆਪਣੇ ਡੌਗੀ ਟੌਮੀ ਨਾਲ ਘਰੋਂ ਗ਼ਾਇਬ ਹੋ ਗਏ। ਜਦੋਂ ਉਹ ਦੁਪਹਿਰ ਤੱਕ ਘਰ ਨਾ ਆਏ ਤਾਂ ਉਨ੍ਹਾਂ ਦੇ ਮੰਮੀ-ਡੈਡੀ ਨੂੰ ਚਿੰਤਾ ਸਤਾਉਣ ਲੱਗੀ। ਬੱਚਿਆਂ ਦੇ ਦੋਸਤਾਂ ਨੂੰ ਫ਼ੋਨ ਕਰ-ਕਰ ਪੁੱਛਿਆ ਪਰ ਕਿਸੇ ਨੂੰ ਕੁਛ ਪਤਾ ਨਹੀਂ ਸੀ। ਉਨ੍ਹਾਂ ਦੋਵਾਂ ਬਾਰੇ ਕਿਸੇ ਨੂੰ ਪਤਾ ਵੀ ਕਿਵੇਂ ਹੁੰਦਾ ਉਹ ਤਾਂ ਜੰਗਲ ਵਿੱਚ ਚਮਤਕਾਰੀ ਜੰਗਲੀ ਬੂਟੀ ਖੋਜਣ ਗਏ ਸਨ।

ਟੀਚਰ ਨੇ ਦੱਸਿਆ ਸੀ ਕਿ 'ਦੋਵਾਂ ਬੱਚਿਆਂ ਵੱਲੋਂ ਢੂੰਡ ਕੇ ਲਿਆਂਦੀ ਜੰਗਲੀ ਬੂਟੀ ਨੂੰ ਘੋਟ ਕੇ ਇਕ ਅਜਿਹਾ ਕ੍ਰਿਸ਼ਮਾਈ ਰੰਗ ਬਣਾਇਆ ਜਾਵੇਗਾ ਜੋ ਕਿਸੇ ਦੇ ਵੀ ਨਰਾਜ਼ ਚੱਲ ਰਹੇ ਮੰਮੀ-ਡੈਡੀ, ਸਖੀ ਸਹੇਲੀ, ਦੋਸਤ ਤੇ ਸਨੇਹੀ ਆਦਿ 'ਤੇ ਪਾਇਆ ਉਹ ਨਾਰਾਜ਼ਗੀ ਭੁੱਲ ਪ੍ਰੇਮ, ਪਿਆਰ ਤੇ ਸਨੇਹ ਬੰਧਨ ਵਿੱਚ ਬੱਝ ਜਾਣਗੇ ਪਰ ਜੰਗਲੀ ਬੂਟੀ ਨੂੰ ਢੂੰਡਣਾ ਆਸਾਨ ਨਹੀਂ ਹੋਵੇਗਾ ਸਗੋਂ ਜੰਗਲ ਵਿੱਚ ਭਟਕਣਾ ਪਵੇਗਾ।" ਹੋਲੀ ਵਾਲੇ ਦਿਨ ਜੰਗਲ ਵਿੱਚ ਜੰਗਲੀ ਬੂਟੀ ਨੂੰ ਢੂੰਡਣ ਲਈ ਭਟਕਦੇ ਥੱਕੇ-ਟੁੱਟੇ ਬੱਚਿਆਂ ਨੂੰ ਬੁੱਢੀ ਮਾਈ ਆਪਣੀ ਝੌਂਪੜੀ ਵਿੱਚ ਲੈ ਗਈ। ਉਸ ਨੇ ਭੁੱਖੇ-ਪਿਆਸੇ ਬੱਚਿਆਂ ਅਤੇ ਡੌਗੀ ਨੂੰ ਰੋਟੀ ਦਾ ਟੁਕੜਾ ਅਤੇ ਕਟੋਰਾ-ਕਟੋਰਾ ਦੁੱਧ ਦਿੱਤਾ। ਬੱਚਿਆਂ ਤੋਂ ਜੰਗਲੀ ਬੂਟੀ ਢੂੰਡਣ ਆਏ ਸੁਣ ਬੁੱਢੀ ਮਾਈ ਹੱਸ ਪਈ। ਉਸ ਨੇ ਬੱਚਿਆਂ ਨੂੰ ਕਿਹਾ, "ਤੁਸੀਂ ਥੱਕੇ ਹੋਏ ਹੋ, ਘੜੀ ਪਲ ਆਰਾਮ ਕਰ ਲਓ। ਮੈਂ ਤੁਹਾਨੂੰ ਕ੍ਰਿਸ਼ਮਾਈ ਜੰਗਲੀ ਬੂਟੀ ਢੂੰਡ ਦਿਆਂਗੀ।" ਗਗਨ ਤੇ ਗੁਰਲੀਨ ਮੰਜੇ 'ਤੇ ਪੈ ਗਏ ਅਤੇ ਹੇਠਾਂ ਡੌਗੀ ਸੌਂ ਗਿਆ।

ਘੰਟੇ ਕੁ ਬਾਅਦ ਮਾਈ ਨੇ ਬੱਚਿਆਂ ਨੂੰ ਜਗਾਇਆ ਅਤੇ ਉਨ੍ਹਾਂ ਨੂੰ ਝੌਂਪੜੀ ਦੇ ਪਿੱਛੇ ਲੈ ਗਈ। ਉਸ ਕਿਆਰੀ ਵਿੱਚੋਂ ਜੰਗਲੀ ਬੂਟੀ ਪੁੱਟ ਕੇ ਦਿੰਦਿਆਂ ਕਿਹਾ, "ਤੁਸੀਂ ਡੌਗੀ ਦੇ ਪਿੱਛੇ-ਪਿੱਛੇ ਤੁਰਦੇ ਜਾਣਾ। ਇਹ ਵਫ਼ਾਦਾਰ ਜਾਨਵਰ ਆਪਣੇ ਘਰ ਦਾ ਰਾਹ ਕਦੇ ਨਹੀਂ ਭੁੱਲਦਾ। ਇਹ ਤੁਹਾਨੂੰ ਲੈ ਜਾਵੇਗਾ। ਜਾਓ ਤੁਹਾਡੇ ਮੰਮੀ-ਡੈਡੀ ਉਡੀਕ ਕਰ ਰਹੇ ਹੋਣਗੇ।" ਬੁੱਢੀ ਮਾਈ ਦਾ ਧੰਨਵਾਦ ਕਰ ਦੋਵੇਂ ਬੱਚੇ ਘਰ ਪਹੁੰਚ ਗਏ। ਘਰ ਮੰਮੀ-ਡੈਡੀ, ਟੀਚਰ ਤੇ ਹੋਰ ਉਨ੍ਹਾਂ ਦੇ ਦੋਸਤ ਬੜੀ ਉਤਸੁਕਤਾ ਨਾਲ ਜੰਗਲੀ ਬੂਟੀ ਨੂੰ ਵੇਖ ਰਹੇ ਸਨ। ਟੀਚਰ ਨੇ ਜੰਗਲੀ ਬੂਟੀ ਨੂੰ ਘੋਟ ਕੇ ਚਮਤਕਾਰੀ ਰੰਗ ਬਣਾ ਦਿੱਤਾ। ਗਗਨ ਤੇ ਗੁਰਲੀਨ ਨੇ ਸਭ ਤੋਂ ਪਹਿਲਾਂ ਇਹ ਚਮਤਕਾਰੀ ਰੰਗ ਮੰਮੀ-ਡੈਡੀ 'ਤੇ ਪਾਇਆ। ਮੰਮੀ-ਡੈਡੀ ਨੇ ਆਪਣੇ ਬੱਚਿਆਂ ਦੀ ਮਾਸੂਮੀਅਤ ਅਤੇ ਸੁਹਿਰਦਤਾ ਵੇਖ ਫਿਰ ਕਦੇ ਨਰਾਜ਼ ਨਾ ਹੋਣ ਦਾ ਵਾਅਦਾ ਕੀਤਾ। ਫਿਰ ਦੋਵਾਂ ਨੇ ਕ੍ਰਿਸ਼ਮਾਈ ਰੰਗ ਨੀਤੂ ਅਤੇ ਸੁਨੀਤਾ 'ਤੇ ਪਾਇਆ ਜਿਨ੍ਹਾਂ ਨਾਲ ਕੁੱਟੀ ਕੀਤੀ ਹੋਈ ਸੀ। ਇਹ ਸਭ ਵੇਖ ਟੀਚਰ ਖ਼ੁਸ਼ ਸੀ ਕਿਉਂਕਿ ਉਸ ਦੀ ਅਦਭੁੱਤ ਤੇ ਅਨੋਖੀ ਯੋਜਨਾ ਨਾਲ ਹੋਲੀ ਹੋਰ ਵੀ ਰੰਗੀਨ ਹੋ ਗਈ ਸੀ। ਮੰਮੀ-ਡੈਡੀ ਨੇ ਟੀਚਰ ਦਾ ਧੰਨਵਾਦ ਕੀਤਾ। ਇਹ ਚਮਤਕਾਰੀ 'ਰੰਗਾਂ ਦਾ ਕ੍ਰਿਸ਼ਮਾ' ਸੀ ਕਿ ਸਾਰੇ ਉਤਸ਼ਾਹ ਨਾਲ ਰੰਗਾਂ ਦਾ ਤਿਉਹਾਰ ਮਨਾ ਰਹੇ ਸਨ।

*ਪ੍ਰੀਤ ਨਗਰ-143110 (ਅੰਮ੍ਰਿਤਸਰ)*

ਲੇਖ

# ਪੰਜਾਬੀ ਬੱਚਿਆਂ ਦੇ ਮੌਖਿਕ ਗੀਤ

ਦਰਸ਼ਨ ਸਿੰਘ 'ਆਸ਼ਟ' (ਡਾ.)

ਬੱਚਿਆਂ ਲਈ ਮਿਲਦੇ ਮੌਖਿਕ ਗੀਤਾਂ ਦਾ ਆਪਣਾ ਸੰਸਾਰ ਹੈ। ਬਾਲ ਗੀਤ ਦੇ ਬਾਹਰੀ ਪੱਖਾਂ ਵਿੱਚ ਲੈਅ, ਸੁਰ-ਤਾਲ, ਤੋਲ-ਤੁਕਾਂਤ, ਭਾਵਨਾਤਮਕ ਭਾਸ਼ਾ ਅਤੇ ਉਹਨਾਂ ਵਸਤ-ਵਰਤਾਰਿਆਂ ਦਾ ਵਰਣਨ ਸ਼ਾਮਲ ਹੁੰਦਾ ਹੈ ਜਿਨ੍ਹਾਂ ਨੂੰ ਬਾਲ-ਜਗਤ ਬੇਹੱਦ ਪਸੰਦ ਕਰਦਾ ਹੈ। ਵੰਨ-ਸੁਵੰਨੇ ਖੇਡ-ਖਿਡੌਣੇ, ਰੰਗ-ਬਰੰਗੇ ਕੱਪੜੇ, ਤਾਰੇ, ਸੂਰਜ, ਚੰਦ ਮਾਮਾ, ਬੱਦਲ, ਅਸਮਾਨ, ਭਾਂਤ ਭਾਂਤ ਦੀਆਂ ਮਠਿਆਈਆਂ, ਫਲ-ਫੁੱਲ, ਪਹਾੜ, ਧਰਤੀ, ਹਵਾ, ਪਾਣੀ, ਰੁੱਤਾਂ, ਮੀਂਹ ਅਤੇ ਦੇਸ਼-ਭਗਤੀ ਅਤੇ ਜੀਵਨ ਮੁੱਲਾਂ ਦਾ ਸੰਚਾਰ ਕਰਨ ਵਾਲੇ ਵਿਸ਼ੇ ਇਨ੍ਹਾਂ ਦਾ ਹਿੱਸਾ ਬਣਦੇ ਹਨ।

ਜਿਉਂ ਜਿਉਂ ਸਮਾਂ ਤਬਦੀਲ ਹੁੰਦਾ ਜਾਂਦਾ ਹੈ ਤਿਉਂ ਤਿਉਂ ਬਾਲਾਂ ਦੇ ਮਨ-ਪਸੰਦੀਦਾ ਖਿਡੌਣੇ, ਕੱਪੜੇ, ਫਲ-ਮਠਿਆਈਆਂ ਤੇ ਜਨਮ ਦਿਨ ਤੇ ਮਿਲਣ ਵਾਲੀਆਂ ਹੋਰ ਵਸਤਾਂ ਵੀ ਆਧੁਨਿਕ ਜ਼ਮਾਨੇ ਮੁਤਾਬਕ, ਆਪਣੇ ਨਵੇਂ-ਨਵੇਲੇ ਰੂਪ ਵਿੱਚ ਬਦਲ ਕੇ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਦਾ ਵਰਣਨ ਬਾਲ-ਗੀਤਾਂ ਵਿੱਚ ਅਕਸਰ ਵੇਖਣ-ਸੁਣਨ ਵਿੱਚ ਆਉਂਦਾ ਹੈ। ਇਨ੍ਹਾਂ ਗੀਤਾਂ ਰਾਹੀਂ ਇਹ ਵਿਰਾਸਤ, ਪਿਛੋਕੜ ਅਤੇ ਖਾਣ-ਪੀਣ ਜਾਂ ਰਹਿਤਲ ਆਦਿ ਬਾਰੇ ਪਤਾ ਲੱਗਦਾ ਹੈ।

ਪੰਜਾਬੀ ਵਿੱਚ ਬੱਚਿਆਂ ਲਈ ਮੌਖਿਕ ਗੀਤਾਂ ਦੀ ਰਵਾਇਤ ਸਦੀਆਂ ਤੋਂ ਟੁਰੀ ਆ ਰਹੀ ਹੈ। ਇਸ ਸ਼੍ਰੇਣੀ ਤਹਿਤ ਆਉਂਦੇ ਬਾਲ-ਗੀਤਾਂ ਨੂੰ ਅਲਿਖਿਤ ਬਾਲ-ਗੀਤ ਵੀ ਕਿਹਾ ਜਾਂਦਾ ਹੈ। ਸਦੀਆਂ ਤੋਂ ਪੰਜਾਬ ਦੀਆਂ ਵੰਨ-ਸੁਵੰਨੀਆਂ ਲੋਕ-ਖੇਡਾਂ, ਲੋਕ ਤਿਉਹਾਰਾਂ ਜਾਂ ਹੋਰ ਲੋਕ-ਅਵਸਰਾਂ ਜਿਵੇਂ ਲੋਹੜੀ, ਸਾਂਝੀ ਆਦਿ ਮੌਕੇ ਗਾਏ ਜਾਣ ਵਾਲੇ ਗੀਤ ਇਸੇ ਕੋਟੀ ਵਿੱਚ ਆਉਂਦੇ ਹਨ। ਇਨ੍ਹਾਂ ਬਾਲ-ਗੀਤਾਂ ਦਾ ਰਚੈਤਾ ਕੋਈ ਇਕ ਵਿਅਕਤੀ-ਵਿਸ਼ੇਸ਼ ਨਹੀਂ ਹੁੰਦਾ ਸਗੋਂ ਇਹ ਗੀਤ ਸਮੂਹ ਬਾਲਾਂ ਦੀ ਆਪਣੀ ਸਾਂਝੀ ਸਿਰਜਣਾ ਦਾ ਸਿੱਟਾ ਹੁੰਦੇ ਹਨ। ਇਨ੍ਹਾਂ ਮੌਖਿਕ ਬਾਲ-ਗੀਤਾਂ ਦੇ ਰਚਨਾ-ਕਾਲ ਬਾਰੇ ਕੋਈ ਪੁਖ਼ਤਾ ਜਾਣਕਾਰੀ ਨਹੀਂ ਮਿਲਦੀ। ਇਨ੍ਹਾਂ ਗੀਤਾਂ ਨੂੰ ਗਾਉਂਦਿਆਂ ਉਹਨਾਂ ਦਾ ਸਰੀਰ ਅੰਦਰੋਂ-ਬਾਹਰੋਂ ਅਨੋਖੇ ਸੰਗੀਤਕ ਵਜੂਦ ਵਿੱਚ ਆ ਜਾਂਦਾ ਹੈ। ਮਾਂਵਾਂ, ਨਾਨੀਆਂ, ਦਾਦੀਆਂ, ਮਾਸੀਆਂ ਵੱਲੋਂ ਗਾਈਆਂ ਜਾਣ ਵਾਲੀਆਂ ਲੋਰੀਆਂ ਮੌਖਿਕ ਕਿਸਮ ਦੇ ਬਾਲ-ਗੀਤਾਂ ਦਾ ਖ਼ੂਬਸੂਰਤ ਮਿਸ਼ਰਣ ਹੀ ਤਾਂ ਹਨ। ਕਿਸੇ ਬੱਚੇ ਦੀ ਸੰਗੀਤ ਨਾਲ ਮੁੱਢਲੀ ਜਾਣ- ਪਛਾਣ ਲੋਰੀਆਂ ਵਿਚਲੇ ਸ਼ਹਿਦ ਜਿਹੇ ਮਿੱਠੇ ਸਵਰਾਂ ਨਾਲ ਹੀ ਤਾਂ ਹੁੰਦੀ ਹੈ। ਜਿਵੇਂ ਕਿਸੇ ਬੱਚੇ ਦੇ ਮੂੰਹੋਂ ਸੁਰ ਨਾਲ ਲਬਰੇਜ਼ ਲੋਕ-ਗੀਤ ਰੂਪੀ ਬੋਲ ਆਪ ਮੁਹਾਰੇ ਨਿਕਲ ਜਾਂਦੇ ਹਨ ਤਿਵੇਂ 'ਲੋਰੀ ਗੀਤ' ਵੀ ਮਾਂ ਦੇ ਹਿਰਦੇ ਵਿੱਚੋਂ ਖ਼ੁਦ-ਬ-ਖ਼ੁਦ ਪੈਦਾ ਹੁੰਦਾ ਹੈ ਜਿਸ ਵਿੱਚ ਲੈਅ, ਸੁਰ, ਸੰਗੀਤ, ਤਰੰਨੁਮ ਆਦਿ ਤੱਤਾਂ ਦਾ ਸਹਿਜ ਸੁਭਾਵਿਕ ਸਮਾਵੇਸ਼ ਹੋ ਜਾਂਦਾ ਹੈ।

ਲੋਰੀਆਂ ਵਿੱਚੋਂ 'ਊਂ ਊਂ' ਦੀ ਕੱਢੀ ਜਾਣ ਵਾਲੀ ਸੰਗੀਤ-ਮਈ ਅਵਾਜ਼ ਇਸ ਗੱਲ ਦਾ ਸੰਕੇਤ ਹੈ ਕਿ ਸੰਗੀਤ ਬਾਲ-ਮਨ ਦੀਆਂ ਬੁਨਿਆਦੀ ਲੋੜਾਂ ਵਿੱਚੋਂ ਇਕ ਹੈ। ਇਹੀ ਕਾਰਨ ਹੈ ਕਿ ਬੱਚੇ ਨੂੰ ਸੁਆਉਣ ਜਾਂ ਰੋਂਦੇ ਨੂੰ ਚੁੱਪ ਕਰਾਉਣ ਅਤੇ ਰਿਝਾਉਣ ਸਮੇਂ ਤੁਕਬੰਦੀਆਂ ਨਾਲ ਮੂੰਹੋਂ ਕੱਢੀ ਜਾਣ ਵਾਲੀ 'ਊਂ ਊਂ' ਦੀ ਲੰਮੀ ਅਵਾਜ਼ ਬਾਲ-ਮਨ ਨੂੰ ਆਪਣੇ ਨਾਲ ਇਕਮਿਕ ਕਰ ਲੈਂਦੀ ਹੈ। ਮਿਸਾਲ ਵਜੋਂ :-

ਚੁੰਮਾਂ ਤੇਰੀ ਬਾਂਹ, ਊਂ ਊਂ।
ਤੇਰੇ ਸਦਕੇ ਜਾਂਦੀ ਮਾਂ, ਊਂ ਊਂ।
ਤੇਰਾ ਹੋਰ ਕੀ ਚੁੰਮਾਂ ? ਊਂ ਊਂ।

ਬੱਚੇ ਦੇ ਖੇਡਣ ਦੀ ਸੁਭਾਵਿਕ ਰੁਚੀ ਵਿੱਚੋਂ ਹੀ ਅਜਿਹੇ ਸਵੈ-ਸਿਰਜਿਤ ਗੀਤ ਪੈਦਾ ਹੁੰਦੇ ਹਨ ਜੋ ਉਸ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਵਾਧੇ ਦਾ ਸੂਚਕ ਹੁੰਦੇ ਹਨ।

ਪੰਜਾਬ ਦੀਆਂ ਪ੍ਰਚਲਿਤ ਅਤੇ ਰਵਾਇਤੀ ਦੇਸੀ ਬਾਲ ਖੇਡਾਂ ਨਾਲ ਵੀ ਲੈਅਾਤਮਕ ਗੀਤ ਜੁੜੇ ਹੋਏ ਹਨ ਜਿਨ੍ਹਾਂ ਦੇ ਰਚਣਹਾਰੇ ਤੇ ਗਾਉਣ ਵਾਲੇ ਬਾਲ ਹੀ ਹੁੰਦੇ ਹਨ। ਇਨ੍ਹਾਂ ਖੇਡਾਂ ਨਾਲ ਸੰਬੰਧਤ ਗੀਤਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਜਿਵੇਂ ਬੱਚਿਆਂ ਵੱਲੋਂ ਕੋਈ ਖੇਡ ਆਰੰਭ ਕਰਨ ਤੋਂ ਪਹਿਲਾਂ ਪੁੱਗਣ-ਪੁਗਾਈ ਦੌਰਾਨ ਗਾਇਆ ਜਾਣ ਵਾਲਾ ਸਮੂਹਿਕ ਗੀਤ ਇਉਂ ਹੈ :

**ਈਂਗਣ ਮੀਂਗਣ**
**ਤਲੀ ਤਲੀਂਗਣ ਸਾਵਾ ਪੀਲਾ ਡੱਕਰਾ**
**ਗੁੜ ਖਾਵੇ ਵੇਲ ਵਧਾਵੇ ਮੂਲੀ ਪੱਤਰਾ।**

ਛੋਟੀ ਉਮਰ ਦੇ ਮੁੰਡੇ-ਕੁੜੀਆਂ ਦਾ ਇਕ ਹੋਰ ਦਿਲ-ਚਸਪ ਗੀਤ ਇਉਂ ਹੈ :

**ਉੱਕੜ ਦੁੱਕੜ ਭੰਬਾ ਭਉ**
**ਅੱਸੀ ਨੱਬੇ ਪੂਰਾ ਸੌ**
**ਸੌ ਗਲੋਟਾ ਤਿੱਤਰ ਮੋਟਾ**
**ਚੱਲ ਮਦਾਰੀ ਪੈਸਾ ਖੋਟਾ।**

ਇਵੇਂ ਹੀ :

**ਲੁਕ-ਛਿਪ ਜਾਣਾ ਮਕਈ ਦਾ ਦਾਣਾ**
**ਰਾਜੇ ਦੀ ਬੇਟੀ ਆਈ ਜੇ।**

'ਕਿੱਕਲੀ' ਨਾਚ ਦੌਰਾਨ ਲਾਟੂ ਵਾਂਗ ਘੁੰਮਦੀਆਂ ਦੋ ਨਿੱਕੀਆਂ ਕੁੜੀਆਂ ਵੱਲੋਂ ਇਹ ਗੀਤ ਗਾਉਣ ਨਾਲ ਹੀ ਸੁਖਾਵਾਂ ਸੰਗੀਤਕ ਵਾਯੂਮੰਡਲ ਉਤਪੰਨ ਹੋ ਜਾਂਦਾ ਹੈ :

**ਕਿੱਕਲੀ ਕਲੀਰ ਦੀ,**
**ਪੱਗ ਮੇਰੇ ਵੀਰ ਦੀ।**
**ਦੁਪੱਟਾ ਮੇਰੇ ਭਾਈ ਦਾ,**
**ਫਿੱਟੇ ਮੂੰਹ ਜੁਆਈ ਦਾ।**

ਬੱਚਿਆਂ ਦੀਆਂ ਦੇਸੀ ਖੇਡਾਂ ਨਾਲ ਗਾਏ ਜਾਣ ਵਾਲੇ ਗੀਤਾਂ ਵਿੱਚੋਂ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ ?', 'ਕਾਜ਼ੀ ਕੋਟਲੇ ਦੀ ਮਾਰ', 'ਈਂਗਣ ਮੀਂਗਣ ਤਲੀ ਤਲੀਂਗਣ' ਆਦਿ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਲੋਕ- ਖੇਡਾਂ ਅਤੇ ਲੋਕ-ਨਾਚਾਂ ਵਿੱਚ ਪਰੋਏ ਬਾਲ ਗੀਤ ਇਹ ਸਿੱਧ ਕਰ ਦਿੰਦੇ ਹਨ ਕਿ ਪੰਜਾਬੀ ਬਾਲ-ਮਨ ਇਨ੍ਹਾਂ ਮੌਖਿਕ ਬਾਲ ਗੀਤਾਂ ਦੇ ਮਾਧਿਅਮ ਦੁਆਰਾ ਹੀ ਖ਼ੁਸ਼ੀ ਦੇ ਵੇਗ ਵਿੱਚ ਆ ਕੇ ਆਪ-ਮੁਹਾਰੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਾ ਹੈ। ਭਿੰਨ-ਭਿੰਨ ਲੋਕ ਤਿਉਹਾਰਾਂ ਨਾਲ ਜੁੜੇ ਸਮੂਹਿਕ ਬਾਲ ਗੀਤ ਵੀ ਮੌਖਿਕ ਗਾਇਕੀ ਦਾ ਚੰਗਾ ਨਮੂਨਾ ਹਨ ਜੋ ਸਦੀਆਂ ਤੋਂ ਪੇਂਡੂ ਸੱਭਿਆਚਾਰ ਦੀ ਪੂੰਜੀ ਬਣੇ ਹੋਏ ਹਨ। ਇਸ ਪ੍ਰਸੰਗ ਵਿੱਚ 'ਲੋਹੜੀ' ਨਾਲ ਪ੍ਰਚਲਿਤ ਗੀਤ ਸ਼ਾਮਲ ਹਨ।

ਪੰਜਾਬ ਵਿੱਚ ਲੋਕ-ਤਿਉਹਾਰ 'ਸਾਂਝੀ' ਨਾਲ ਜੁੜੇ ਬਾਲੜੀਆਂ ਦੇ ਗੀਤ ਵੀ ਸੀਨਾ-ਬ-ਸੀਨਾ ਸਫ਼ਰ ਤੈਅ ਕਰਦੇ ਆਏ ਹਨ। ਆਂਢ-ਗੁਆਂਢ ਦੀਆਂ ਨਿੱਕੀਆਂ-ਨਿੱਕੀਆਂ ਕੁੜੀਆਂ ਮਿਲ ਕੇ ਮਿੱਟੀ ਦੇ ਬਣਾਏ ਹੋਏ ਚੰਦਉਏ (ਤਾਰੇ) ਚੰਦ੍ਰਮਾ, ਸੂਰਜ, ਚਿੜੀਆਂ, ਕਾਲਾ ਚੋਰ ਆਦਿ ਤਿਆਰ ਕਰਨ ਉਪਰੰਤ ਉਹਨਾਂ ਨੂੰ ਭਿੰਨ-ਭਿੰਨ ਰੰਗਾਂ ਨਾਲ ਰੰਗ ਕੇ ਕੰਧ ਉੱਪਰ ਗੋਹੇ ਨਾਲ ਚਿਪਕਾ ਦਿੰਦੀਆਂ ਹਨ। 'ਸਾਂਝੀ ਮਾਈ ਦਾ ਦਰਬਾਰ' ਖ਼ੂਬਸੂਰਤ ਰੂਪ ਧਾਰਣ ਕਰ ਲੈਂਦਾ ਹੈ। ਸ਼ਾਮ ਵੇਲੇ 'ਸਾਂਝੀ ਮਾਈ' ਦੀ ਪੂਜਾ ਕਰਦਿਆਂ ਕੰਜਕਾਂ ਸਮੂਹਿਕ ਰੂਪ ਵਿੱਚ ਇਹ ਅਰਾਧਨਾ ਗੀਤ ਗਾਉਂਦੀਆਂ ਹਨ :

**ਆਰਤੀ ਬਈ ਆਰਤੀ**
**ਆਰਤੀ ਦਾ ਫੁੱਲ।**
**ਚੰਬੇ ਦੀਆਂ ਕਲੀਆਂ,**
**ਸੁਣ ਮਾਈ ਗੌਰਜਾਂ,**
**ਕੁੜੀਆਂ ਖੜ੍ਹੀਆਂ ਕੀ ਕੁਝ ਮੰਗਦੀਆਂ।**
**ਕੁਆਰੀਆਂ ਕੰਜਕਾਂ ਆਈਆਂ ਤੇਰੇ ਕੋਲ।**

ਇਕ ਹੋਰ ਗੀਤ ਵੀ ਪ੍ਰਸੰਗਕ ਹੈ :

**ਭਾਈ ਭਤੀਜੇ ਟੋਪੀਆਂ ਵਾਲੇ**
**ਦਈਂ ਮਾਈ ਗੌਰਜਾਂ**
**ਥੋੜ੍ਹਾ ਜਿਹਾ ਸਾਗ।**
**ਤੈਨੂੰ ਲੱਗੇ ਭਾਗ।**

ਇਸ ਪ੍ਰਕਾਰ ਛੋਟੀ ਆਯੂ ਦੀਆਂ ਕੁੜੀਆਂ ਵੱਲੋਂ ਸਾਂਝੀ ਮਾਈ ਦੀ ਰੰਗ-ਬਰੰਗੀ ਸਜਾਵਟ ਅਤੇ ਅਰਾਧਨਾ ਰੂਪੀ ਗੀਤਾਂ ਨਾਲ ਵੰਦਨਾ ਕਰਨ ਦੀ ਰਵਾਇਤ ਮੁੱਢ ਕਦੀਮਾਂ ਤੋਂ ਚੱਲਦੀ ਆ ਰਹੀ ਹੈ। ਪੰਜਾਬੀ ਵਿੱਚ ਬੱਚਿਆਂ ਦੀ ਮੌਖਿਕ ਬਾਲ-ਗੀਤ ਪਰੰਪਰਾ ਨਾਲ ਸਮੁੱਚਾ ਲੋਕ-ਸਾਹਿਤ ਅਮੀਰ ਹੋਇਆ ਹੈ।

*ਪੰਜਾਬੀ ਯੂਨੀਵਰਸਿਟੀ ਕੈਂਪਸ,*
*ਪਟਿਆਲਾ-147002 (ਪੰਜਾਬ)*

## ਅਨਮੋਲ ਵਚਨ

ਮਿਹਨਤ ਉਹ ਚਾਬੀ ਹੈ, ਜਿਹੜੀ ਕਿਸਮਤ ਦਾ ਦਰਵਾਜ਼ਾ ਖੋਲ੍ਹ ਦਿੰਦੀ ਹੈ।

• ਚਾਣਕਿਆ

ਜਿਹੜੇ ਸਿਆਣੇ ਹੁੰਦੇ ਹਨ, ਜ਼ਿੰਦਗੀ ਉਨ੍ਹਾਂ ਨੂੰ ਜੋ ਕੁਝ ਵੀ ਦਿੰਦੀ ਹੈ, ਉਹ ਲੈ ਲੈਂਦੇ ਹਨ, ਪਰ ਮੂਰਖ ਕੁਝ ਨਹੀਂ ਲੈਂਦੇ।

• ਮੈਕਸਿਮ ਗੋਰਕੀ

ਜਿਸ ਨੂੰ ਮਨੁੱਖਾਂ ਵਿੱਚ ਰੱਬ ਨਜ਼ਰ ਨਹੀਂ ਆਉਂਦਾ, ਉਹ ਆਸਤਿਕ ਕਿਵੇਂ ਹੋ ਸਕਦਾ ਹੈ ?

• ਅਗਿਆਤ

ਗਿਆਨ ਦਾ ਨਿਰਾਦਰ ਆਪਣੀ ਹੀ ਬੁੱਧੀ ਦਾ ਅਪਮਾਨ ਹੈ।

• ਨਿਰਾਲਾ